
ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧ ਅਪ੍ਰੈਲ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ

## ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



## ਖ਼ਾਲਸੇ ਦਾ ਜਨਮ ਅਸਥਾਨ:
## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
## ਅਨੰਦਪੁਰ ਸਾਹਿਬ

# ਸਿੰਘ ਸਭਾ ਦਾਦਰ ਮਨਾਏਗੀ ਖ਼ਾਲਸਾ ਸਾਜਨਾ ਦਿਵਸ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸਿੰਘ ਸਭਾ ਦਾਦਰ ਦੇ ਪ੍ਰਬੰਧ ਹੇਠ, ਮੁੰਬਈ, ਨਵੀ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਦੇ ਸਮੂੰਹ ਗੁਰਦੁਆਰਾ ਸਾਹਿਬ, ਸੇਵਕ ਜੱਥੇ ਅਤੇ ਸਮੂੰਹ ਸਾਧ ਸੰਗਤ ਦੇ ਸਹਿਯੋਗ ਨਾਲ, ਖਾਲਸਾ ਜੀ ਦਾ ਸਾਜਣਾ ਦਿਵਸ ਵੈਸਾਖੀ ਪੁਰਬ 12, 13 ਅਤੇ 14 ਅਪ੍ਰੈਲ 2023 ਨੂੰ ਬੜੇ ਸ਼ਰਧਾ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

12 ਅਪ੍ਰੈਲ ਸਵੇਰੇ-ਸ਼ਾਮ ਅਤੇ 13 ਅਪ੍ਰੈਲ, ਸਵੇਰ ਦੇ ਦੀਵਾਨ, ਗੁਰਦੁਆਰਾ ਸਾਹਿਬ ਦਾਦਰ ਦਰਬਾਰ ਹਾਲ ਵਿਖੇ ਹੋਣਗੇ। 13 ਅਪ੍ਰੈਲ, ਸ਼ਾਮ ਅਤੇ 14 ਅਪ੍ਰੈਲ ਪੁਰਬ ਦਿਵਸ ਦੇ ਦੀਵਾਨ ਸ੍ਰੀ ਦੀਵਾਨਚੰਦ ਰਾਮਸਰਨ ਕੰਪਾਊਂਡ, ਮਾਹੁਲ-ਚੰਬੂੰਰ, ਮੁੰਬਈ (ਨੇੜ੍ਹੇ ਭਗਤੀ ਪਾਰਕ, ਈਸਟਰਨ ਫਰੀ-ਵੇ ਵਾਡਾਲਾ) ਵਿਖੇ ਹੋਣਗੇ।

ਸਭਾ ਦੇ ਵਿਸ਼ੇਸ਼ ਸੱਦੇ ਤੇ ਆਏ ਕੀਰਤਨ ਭਾਈ ਅਮਰਜੀਤ ਸਿੰਘ ਜੀ ਪਟਿਆਲਾ, ਪੰਜਾਬ, ਕੀਰਤਨ ਅਤੇ ਗੁਰਮਤਿ ਵਿਚਾਰ-ਨੌਜਵਾਨ ਸਿੱਖ ਬੱਚੇ-ਬੱਚੀਆਂ ਮੁੰਬਈ, ਢਾਡੀ ਜੱਥਾ-ਗਿਆਨੀ ਬਲਵੀਰ ਸਿੰਘ ਰੰਗੀਲਾ, ਪੰਜਾਬ, ਕੀਰਤਨ ਭਾਈ ਰਾਜਵੀਰ ਸਿੰਘ ਜੀ ਊਨਾ ਵਾਲੇ, ਗੁਰਮਤਿ ਵਿਚਾਰ ਗਿਆਨੀ ਸੁਖਪ੍ਰੀਤ ਸਿੰਘ ਜੀ ਉਦੋਕੇ, ਅੰਮ੍ਰਿਤਸਰ, ਪੰਜਾਬ, ਕੀਰਤਨ ਭਾਈ ਗੁਰਮੇਲ ਸਿੰਘ ਜੀ, ਅੰਮ੍ਰਿਤਸਰ, ਪੰਜਾਬ, ਵਿਸ਼ੇਸ਼ ਕਵੀ ਦਰਬਾਰ, ਜਿਸ ਵਿੱਚ ਪ੍ਰਸਿਧ ਕਵੀ ਸ੍ਰ. ਗੁਰਚਰਨ ਸਿੰਘ ਚਰਨ, ਦਿੱਲੀ, ਸ੍ਰ. ਚੈਨ ਸਿੰਘ ਚੱਕਰਵਰਤੀ, ਹੁਸ਼ਿਆਰਪੁਰ, ਪੰਜਾਬ ਅਤੇ ਸਥਾਨਕ ਕਵੀ ਬੀਬੀ ਅਮਰਜੀਤ ਕੌਰ ਪ੍ਰਵਾਨਾ, ਸ੍ਰ. ਕੁਲਵੰਤ ਸਿੰਘ ਬੱਤਰਾ ਅਤੇ ਮਲਕੀਤ ਸਿੰਘ ਗਾਦਰੀ ਗੁਰੂ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

**ਵਿਸਾਖੀ ਪੁਰਬ 14 ਅਪ੍ਰੈਲ ਨੂੰ ਸ੍ਰੀ ਦੀਵਾਨਚੰਦ ਰਾਮਸਰਨ ਕੰਪਾਊਂਡ, ਮਾਹੁਲਚੰਬੂੰਰ, ਮੁੰਬਈ ਵਿਖੇ ਮਨਾਇਆ ਜਾਵੇਗਾ।**

ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਪੁਰਬ ਵਿਸਾਖੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਆਪਣੇ ਪ੍ਰਵਾਰ ਅਤੇ ਸੰਬੰਧੀਆਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

14 ਅਪ੍ਰੈਲ, 2023 ਨੂੰ 11 ਵਜੇ ਤੋਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ (ਰਜਿ.), ਚੂਨਾਭੱਟੀ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ। ਸਮੂੰਹ ਮਾਈ ਭਾਈ ਅੰਮ੍ਰਿਤ ਛਕ ਕਿ ਗੁਰੂ ਵਾਲੇ ਬਣੋ ਜੀ। ਅੰਮ੍ਰਿਤ ਅਭਿਲਾਸ਼ੀ ਸਾਰੇ ਭਾਈ ਦਸਤਾਰਾਂ ਸਜਾ ਕੇ ਆਉਣ।

**ਲਾਲਪੁਰਾ ਨੇ ਕੀਤੀ ਕਾਲਕੇ ਦੀ ਤੁਲਨਾ ਭਾਈ ਬਚਿੱਤਰ ਸਿੰਘ ਨਾਲ**

# ਸਰਨੇ ਨੇ ਕਿਹਾ ਕਿ ਲਾਲਪੁਰਾ ਪੰਥ ਤੋਂ ਮਾਫੀ ਮੰਗੇ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ ਇਕਬਾਲ ਸਿੰਘ ਲਾਲਪੁਰਾ ਨੇ ਹਰਮੀਤ ਸਿੰਘ ਕਾਲਕੇ ਦੀ ਤੁਲਨਾ ਮਹਾਨ ਸ਼ਹੀਦ ਭਾਈ ਬਚਿੱਤਰ ਸਿੰਘ ਨਾਲ ਕਰਕੇ ਵੱਡਾ ਗੁਨਾਹ ਕੀਤਾ ਹੈ।

ਸਰਨਾ ਨੇ ਕਿਹਾ ਕਿ ਭਾਈ ਬਚਿੱਤਰ ਸਿੰਘ ਦੇ ਪਿਤਾ ਜੀ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਸਨ ਕੀ ਲਾਲਪੁਰਾ ਜੀ ਹਰਮੀਤ ਕਾਲਕੇ ਦੇ ਬਾਪ ਨੂੰ ਵੀ ਭਾਈ ਮਨੀ ਸਿੰਘ ਵਾਂਗ ਦਰਜਾ ਨਹੀਂ ਦਿੱਤਾ? ਭਾਈ ਬਚਿੱਤਰ ਸਿੰਘ ਜੀ ਉਸ ਸਮੇਂ ਦੀ ਹਕੂਮਤ ਖਿਲਾਫ ਹਿੰਦੂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਫੌਜਾਂ ਖਿਲਾਫ ਲੜੇ ਸਨ ਹਰਮੀਤ ਕਾਲਕੇ ਨੇ ਸਿੱਖ ਕੌਮ ਦੇ ਹੱਕਾਂ ਲਈ ਕਿਹੜੀ ਜੰਗ ਲੜੀ ਹੈ।

ਉਨ੍ਹਾਂ ਕਿਹਾ ਕਿ ਲਾਲਪੁਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਕੇ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਤੋਂ ਜਨਤਕ ਮਾਫੀ ਮੰਗਣੀ ਚਾਹੀਦੀ ਹੈ।

# ਪੰਥ ਸੇਵਕ ਜੱਥੇ ਦੇ ਆਗੂਆਂ ਨੇ ਸਾਂਝੇ ਬਿਆਨ ਰਾਹੀਂ ਪੰਜਾਬ ਦੇ ਹਲਾਤਾਂ 'ਤੇ ਜਤਾਈ ਚਿੰਤਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਪੰਥ ਸੇਵਕ ਜੱਥੇ ਦੇ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਸੁਖਦੇਵ ਸਿੰਘ ਡੋਡ, ਭਾਈ ਅਮਰੀਕ ਸਿੰਘ ਈਸੜੂ, ਭਾਈ ਰਾਜਿੰਦਰ ਸਿੰਘ ਮੁਗਲਵਾਲ ਅਤੇ ਭਾਈ ਮਨਜੀਤ ਸਿੰਘ ਫਗਵਾੜਾ ਨੇ ਇੱਕ ਸਾਂਝੇ ਬਿਬਆਨ ਰਾਹੀਂ ਪੰਜਾਬ ਦੇ ਅਜੋਕੇ ਹਲਾਤ 'ਤੇ ਘੋਰ ਚਿੰਤਾ ਜਤਾਈ। ਪ੍ਰੈਸ ਕਾਨਫਰੰਸ ਦੌਰਾਨ ਪਥੰਕ ਹਲਾਤ ਨੂੰ ਉਜਾਗਰ ਕੀਤਾ ਗਿਆ।

ਸਾਂਝੇ ਬਿਆਨ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਅਤੇ ਬੇਬੁਨਿਆਦ ਮਾਮਲੇ ਦਰਜ਼ ਕੀਤੇ ਗਏ ਅਤੇ ਸਿੱਖਾਂ ਨੂੰ ਬਦਨਾਮ ਕਰਨ ਤੇ ਇਕੱਲਿਆਂ ਨਿਖੇੜ ਕੇ ਨਿਸ਼ਾਨੇ ਉੱਤੇ ਲਿਆਉਣ ਲਈ ਕੀਤਾ ਗਿਆ ਹੈ।

ਕੌਮਾਂਤਰੀ ਸਿਆਸਤਦਾਨਾਂ, ਨਾਮੀ ਪੱਤਰਕਾਰਾਂ ਸਮੇਤ ਪੰਜਾਬ ਦੇ ਅਨੇਕਾ ਖਬਰ ਅਦਾਰਿਆਂ ਦੇ ਸਫੇ ਇੰਡੀਆ ਵਿਚ ਰੋਕ ਦਿੱਤੇ ਗਏ।



ਇਹ ਸਭ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਨੇ ਮਿਲ ਕੇ ਕਿਰਸਾਨੀ ਸੰਘਰਸ਼ ਵਿਚ ਮੂਹਰੀ ਭੂਮਿਕਾ ਨਿਭਾਉਣ ਕਰਕੇ ਇੰਡੀਅਨ ਉਪਮਹਾਂਦੀਪ ਵਿੱਚ ਸਿੱਖਾਂ ਦੀ ਬਣੀ ਸਾਖ ਤੇ ਕਰੋਨਾਕਾਲ ਦੌਰਾਨ ਸਰਬੱਤ ਦੇ ਭਲੇ ਹਿਤ ਕੀਤੀ ਸੇਵਾ ਕਰਕੇ ਸੰਸਾਰ ਪੱਧਰ ਉੱਤੇ ਬਣੇ ਅਕਸ ਨੂੰ ਖਰਾਬ ਕਰਨ ਵਾਸਤੇ ਕੀਤਾ ਹੈ। ਚੌਥਾ ਪੱਖ ਇਹ ਹੈ ਕਿ ਦਿੱਲੀ ਦਰਬਾਰ ਸਿੱਖਾਂ ਵਿਚ ਧੜੇਬੰਦੀ, ਬੇਵਿਸ਼ਵਾਸ਼ੀ ਅਤੇ ਆਪੋਧਾਪੀ ਨੂੰ ਵਧਾ ਰਿਹਾ ਹੈ।

ਸਰਬੱਤ ਖਾਲਸਾ ਗੁਰੂ ਖਾਲਸਾ ਪੰਥ ਦੀ ਅਹਿਮ ਸੰਸਥਾ ਹੈ ਜਿਸ ਦਾ ਸਿਧਾਂਤ ਤੇ ਅਮਲ ਇਤਿਹਾਸ ਵਿਚ ਬਹੁਤ ਸਪਸ਼ਟ ਪਰਗਟ ਹੋਇਆ ਹੈ। ਬੀਤੇ ਦਾ ਤਜ਼ਰਬਾ ਦਰਸਾਉਂਦਾ ਹੈ ਕਿ ਲੋੜੀਂਦੇ ਠਰ੍ਹਮੇ ਤੇ ਨਿਸ਼ਕਾਮਤਾ ਨੂੰ ਅੱਖੋਂ ਪਰੋਖੇ ਕਰਕੇ ਕਾਹਲ ਵਿਚ ਤੇ ਵਕਤੀ ਮੁਫਾਦਾਂ ਹਿਤ ਅਪਣਾਏ ਅਮਲ ਸਾਰਥਕ ਨਹੀਂ ਹੁੰਦੇ ਬਲਕਿ ਉਹਨਾ ਨਾਲ ਪੰਥਕ ਪਰੰਪਰਾਵਾਂ ਤੇ ਸੰਸਥਾਵਾਂ ਨੂੰ ਵੀ ਢਾਅ ਲੱਗਦੀ ਹੈ। ਅਜਿਹੇ ਅਮਲ ਤੋਂ ਹਰ ਹੀਲੇ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਵੇਲੇ ਬਹੁਤ ਅਹਿਮ ਹੈ ਕਿ ਸਰਬੱਤ ਖਾਲਸਾ ਸੱਦਣ ਵਾਸਤੇ ਸੰਸਾਰ ਭਰ ਵਿਚੋਂ ਨਿੱਜੀ ਤੇ ਸੰਗਤੀ ਰਹਿਣੀ ਵਿਚ ਪਰਪੱਕ, ਪੰਥਕ ਖੇਤਰ ਵਿਚ ਆਪਣੇ ਜੀਵਨ ਅਮਲ ਰਾਹੀਂ ਘਾਲ ਕਮਾਈ ਵਾਲੀਆਂ ਨਿਸ਼ਕਾਮ ਸਖਸ਼ੀਅਤਾਂ ਦਾ ਜਥਾ ਕਾਇਮ ਕੀਤਾ ਜਾਵੇ।

ਇਹ ਸਰਬੱਤ ਖਾਲਸਾ ਬਲਾਉਣ ਤੋਂ ਪਹਿਲਾਂ ਦਾ ਇਕ ਜਰੂਰੀ ਪੜਾਅ ਹੈ। ਅਸੀਂ ਇਸ ਦਿਸ਼ਾ ਵਿਚ ਬੀਤੇ ਸਾਲ ਤੋਂ ਯਤਨ ਕਰ ਰਹੇ ਹਾਂ ਜਿਸ ਤਹਿਤ 28 ਜੂਨ 2023 ਨੂੰ ਮੀਰੀ ਪੀਰੀ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਵਿਸ਼ਵ ਸਿੱਖ ਇਕੱਤਰਤਾ' ਕੀਤੀ ਜਾ ਰਹੀ ਹੈ ਤਾਂ ਕਿ 'ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਵਿਚ ਪੰਚ ਪ੍ਰਧਾਨੀ ਅਗਵਾਈ ਅਤੇ ਗੁਰਮਤੇ ਦੀ ਬਹਾਲੀ' ਹਿਤ ਸਾਂਝੀ ਰਾਏ ਬਣਾਈ ਜਾ ਸਕੇ।

**ਵਿਸ਼ਵ ਸਿੱਖ ਇਕੱਤਰਤਾ**
**28 ਜੂਨ 2023**
**ਸ੍ਰੀ ਅਨੰਦਪੁਰ ਸਾਹਿਬ**

# ਪੱਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ

ਸਿੱਖ ਮੁਫ਼ਾਦ ਦਾ ਪਹਿਰੇਦਾਰ

103 YEARS OF SEWA

SINGH SABHA

1920 2023

DADAR GURDWARA

ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ, ਦਾਦਰ


Year: 6 Issue: 213

1 April 2023 Price: Rs. 5

**Editor**
**Kulwant Singh**

**Publisher**
**Bahadur Singh**
on behalf of Trust Sri Guru Singh Sabha,
Dr. Ambedkar Road, Dadar (E), Mumbai-14

**Printer:**
**Excel Arts**
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

**Feedback**
T: 24135029 E: sgssdadar@gmail.com



**Disclaimer**
Sri Guru Singh Sabha does not
necessarily endorse all views of writers.

**Jurisdiction**
All disputes subject to jurisdiction
of Mumbai courts only.



**Registration No. MAHBIL/2013/53199**
**Postal Registration NO.MCE/248/2023-25**
**Postal at Dadar H.O. Mumbai-14**


# ਸੰਪਾਦਕੀ

# ਖ਼ਾਲਸਾ ਪੰਥ ਤੇ ਸਿੱਖੀ ਦਾ ਫ਼ਲਸਫ਼ਾ



**ਦਲਬੀਰ ਸਿੰਘ ਧਾਲੀਵਾਲ**

ਖ਼ਾਲਸਾ ਪੰਥ ਤੇ ਸਿੱਖੀ ਦਾ ਫ਼ਲਸਫ਼ਾ ਬਹੁਤ ਮਹਾਨ ਹੈ, ਜੋ ਇਹ ਸੰਦੇਸ਼ ਦਿੰਦਾ ਹੈ ਕਿ ਧਰਮ ਕੋਈ ਜਾਤ ਨਹੀਂ, ਸਗੋਂ ਇੱਕ ਸੇਵਾ ਤੇ ਅਜਿਹਾ ਮਿਸ਼ਨ ਹੈ, ਜੋ ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਬਖ਼ਸ਼ਣ ਲਈ ਹਰ ਤਰ੍ਹਾਂ ਦੀ ਸਵੈ-ਕੁਰਬਾਨੀ ਦਾ ਜਜ਼ਬਾ ਪ੍ਰਦਾਨ ਕਰਦਾ ਹੈ। ਖ਼ਾਲਸੇ ਦੀ ਸਾਜਣਾ ਬਾਰੇ ਵਿਦਵਾਨ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਪੰਥ ਸਾਜਣਾ ਦੀ ਗਾਥਾ ਇੰਨੀ ਅਦਭੁਤ ਹੈ ਕਿ ਇਸ ਦਾ ਬਦਲ ਕਿਤੇ ਹੋਰ ਨਹੀਂ ਮਿਲਦਾ।

ਇਸ ਤੋਂ ਪਹਿਲਾਂ ਪ੍ਰਚੱਲਿਤ ਹੋਰ ਧਰਮਾਂ ਨੇ ਆਪਣੀਆਂ ਕੌਮਾਂ ਨੂੰ ਭੂਗੋਲਿਕ ਹੱਦਾਂ ਵਿੱਚ ਹੀ ਕੈਦ ਕਰੀ ਰੱਖਿਆ ਪਰ ਖ਼ਾਲਸਾ ਪੰਥ ਦੀ ਸਿਰਜਣਾ ਦਾ ਵਿਚਾਰ ਬੇਹੱਦ ਨਿਰਾਲਾ ਤੇ ਮਨੁੱਖੀ ਸੋਚ ਤੋਂ ਸਰਬਉੱਚ ਸੀ। ਖ਼ਾਲਸੇ ਦਾ ਜਨਮ 1699 ਨੂੰ ਵਿਸਾਖੀ ਵਾਲੇ ਦਿਨ ਹੋਇਆ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਧਰਮਾਂ ਤੇ ਜਾਤਾਂ ਵਿੱਚੋਂ ਨਿੱਤਰੇ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਜਿਵੇਂ 'ਖ਼ਾਲਸਾ ਪੰਥ' ਤੇ ਪੰਜ ਪਿਆਰਿਆਂ ਦੀ ਸਿਰਜਣਾ ਕੀਤੀ ਤੇ ਫਿਰ ਖ਼ੁਦ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ, ਇਸ ਨਾਲ 'ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ' ਵਾਲਾ ਕ੍ਰਾਂਤੀਕਾਰੀ ਫ਼ਲਸਫ਼ਾ ਪ੍ਰਗਟ ਹੋਇਆ।

ਇਸ ਨਾਲ ਉਦੋਂ ਦੇ ਦੱਬੇ ਕੁਚਲੇ ਲੋਕਾਂ, ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਸੀ, ਦੇ ਵਫ਼ਾਦਾਰੀ, ਬਹਾਦਰੀ ਤੇ ਕੁਰਬਾਨੀ ਦੇ ਜਜ਼ਬੇ ਨੂੰ ਵੇਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ, ਘੋੜ ਸਵਾਰੀਆਂ ਤੇ ਜੰਗੀ ਸ਼ਸਤਰਾਂ ਵਸਤਰਾਂ ਨਾਲ ਲੈਸ ਕਰ ਦਿੱਤਾ। ਇਸ ਤਰ੍ਹਾਂ ਯੁੱਗ ਪਲਟਾਊ ਇਨਕਲਾਬ ਦੀ ਨੀਂਹ ਰੱਖੀ ਗਈ। 'ਖ਼ਾਲਸਾ ਪੰਥ' ਦੀ ਸਾਜਣਾ ਦਾ ਮਹਾਨ ਵਿਚਾਰ 11 ਨਵਬੰਰ, 1675 ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਦਿੱਲੀ ਵਿੱਚ ਚਾਂਦਨੀ ਚੌਕ ਵਿਖੇ ਹੋਈ ਸ਼ਹਾਦਤ ਤੋਂ ਹੀ ਪੈਦਾ ਹੋਇਆ ਸੀ ਤੇ ਇਸ ਖ਼ਾਲਸਾ ਸਾਜਣਾ ਦੇ ਪ੍ਰੇਰਨਾ ਸਰੋਤ ਅਸਲ ਵਿੱਚ ਭਾਈ ਜੈਤਾ ਜੀ ਸਨ।

ਭਾਈ ਜੈਤਾ ਜੀ ਨੇ ਔਰੰਗਜ਼ੇਬ ਦੇ ਸਖ਼ਤ ਪਹਿਰਿਆਂ ਵਿੱਚੋਂ ਗੁਰੂ ਤੇਗ਼ ਬਹਾਦਰ ਜੀ ਦਾ ਪਾਵਨ ਸੀਸ ਸ਼ਹਾਦਤ ਪਿੱਛੋਂ ਉਸੇ ਰਾਤ 322 ਮੀਲ ਦਾ ਪੈਂਡਾ ਤੈਅ ਕਰਦਿਆਂ ਅਨੰਦਪੁਰ ਸਾਹਿਬ ਵਿਖੇ ਗੋਬਿੰਦ ਰਾਏ ਨੂੰ ਭੇਟ ਕੀਤਾ ਸੀ। ਗੁਰੂ ਜੀ ਨੇ ਭਾਈ ਜੈਤਾ ਨੂੰ ਗਲਵੱਕੜੀ ਵਿੱਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਜਿਹੇ ਮਾਣ ਨਾਲ ਨਿਵਾਜਿਆ ਸੀ।

ਇਹ ਉਸ ਵੇਲੇ ਅਛੂਤ ਕਹੇ ਜਾਂਦੇ ਬਹਾਦਰ ਲੋਕਾਂ ਨੂੰ ਸਰਵਉੱਚ ਸਨਮਾਨ ਬਖ਼ਸ਼ਣ ਦੀ ਮਹਾਨ ਇਤਿਹਾਸਕ ਮਿਸਾਲ ਸੀ। 16 ਨਵਬੰਰ ਨੂੰ ਗੁਰੂ ਸੀਸ ਦੇ ਸਸਕਾਰ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਵੇਲੇ ਦੀ ਪੂਰੀ ਜਾਣਕਾਰੀ ਭਾਈ ਜੈਤਾ ਜੀ ਤੋਂ ਪੁੱਛੀ। ਉਨ੍ਹਾਂ ਪੁੱਛਿਆ ਕਿ ਦਿੱਲੀ ਦੇ ਸਿੱਖ ਗੁਰੂ ਜੀ ਤੋਂ ਬੇਮੁੱਖ ਕਿਉਂ ਹੋ ਗਏ, ਇੰਨੇ ਮਹਾਨ ਪੁਰਖ ਦੀ ਸ਼ਹਾਦਤ ਵੇਲੇ ਨੌਜਵਾਨਾਂ ਦਾ ਗਰਮ ਖ਼ੂਨ ਕਿਉਂ ਨਾ ਖੌਲਿਆ ਤੇ ਬੁੱਧੀਮਾਨ ਸਿੱਖ ਵੀ ਆਪਣਾ ਫ਼ਰਜ਼ ਕਿਉਂ ਭੁੱਲ ਗਏ?

**ਭਾਈ ਜੈਤਾ ਜੀ ਨੇ ਦੱਸਿਆ ਕਿ ਸਿੱਖ ਮੌਤ ਦੇ ਡਰੋਂ ਇਸ ਸਾਕੇ ਨੂੰ ਚੁੱਪ-ਚਾਪ ਵੇਖਦੇ ਰਹੇ। ਕੋਈ ਖ਼ਾਸ ਪਛਾਣ ਨਾ ਹੋਣ ਕਾਰਨ ਸਭ ਲੁਕ ਛਿਪ ਗਏ। ਇਹ ਵਿੱਥਿਆ ਸੁਣ ਕੇ ਗੁਰੂ ਜੀ ਨੇ ਸੋਚ ਵਿਚਾਰ ਕੀਤੀ। ਗੁਰੂ ਜੀ ਨੇ ਸਾਬਤ ਸੂਰਤ ਸਿੱਖ ਸਾਜਣ ਦਾ ਫ਼ੈਸਲਾ ਲਿਆ, ਜੋ ਗਿਆਨੀ ਧਿਆਨੀ ਤੇ ਯੋਧੇ ਬਣਨਗੇ।**

ਉਸ ਵੇਲੇ ਭਾਈ ਜੈਤਾ ਜੀ ਨੇ ਦੱਸਿਆ ਕਿ ਸਿੱਖ ਮੌਤ ਦੇ ਡਰੋਂ ਇਸ ਸਾਕੇ ਨੂੰ ਚੁੱਪ-ਚਾਪ ਵੇਖਦੇ ਰਹੇ। ਕੋਈ ਖ਼ਾਸ ਪਛਾਣ ਨਾ ਹੋਣ ਕਾਰਨ ਸਭ ਲੁਕ ਛਿਪ ਗਏ। ਇਹ ਵਿੱਥਿਆ ਸੁਣ ਕੇ ਗੁਰੂ ਜੀ ਨੇ ਸੋਚ ਵਿਚਾਰ ਕੀਤੀ। ਗੁਰੂ ਜੀ ਨੇ ਸਾਬਤ ਸੂਰਤ ਸਿੱਖ ਸਾਜਣ ਦਾ ਫ਼ੈਸਲਾ ਲਿਆ, ਜੋ ਗਿਆਨੀ ਧਿਆਨੀ ਤੇ ਯੋਧੇ ਬਣਨਗੇ। ਆਪਣੇ ਇਸ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਦਾ ਗਿਆਨ ਦੇਣ ਦੇ ਨਾਲ ਨਾਲ ਕਵੀਸ਼ਰਾਂ ਤੋਂ ਵੀਰ ਰਸ ਵਾਰਾਂ ਗਵਾਉਣੀਆਂ ਸ਼ੁਰੂ ਕਰ ਦਿੱਤੀਆਂ। ਨਾਲ ਹੀ ਦੋ ਦੋ ਟੋਲੀਆਂ ਬਣਾ ਕੇ ਜੰਗੀ ਮਸ਼ਕਾਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਸਿੱਖਾਂ ਵਿੱਚ ਜੋਸ਼ ਤੇ ਜੰਗੀ ਮੁਹਾਰਤ ਪੈਦਾ ਹੋਵੇ।

ਇਹ ਸਾਰੀ ਜ਼ਿੰਮੇਵਾਰੀ ਭਾਈ ਜੈਤਾ ਤੇ ਮਾਮਾ ਕ੍ਰਿਪਾਲ ਚੰਦ ਨੂੰ ਸੌਂਪੀ ਗਈ। ਗੁਰੂ ਜੀ ਨੇ ਸ਼ਾਹੀ ਪੁਸ਼ਾਕ ਤੇ ਕਲਗੀ ਸਜਾ ਕੇ ਦਰਬਾਰ ਲਗਾਉਣਾ ਸ਼ੁਰੂ ਕਰ ਦਿੱਤਾ। ਯੁੱਧ ਦਾ ਜੋਸ਼ੀਲਾ ਪ੍ਰਤੀਕ ਰਣਜੀਤ ਨਗਾਰਾ ਤਿਆਰ ਕੀਤਾ ਗਿਆ। ਮੌਕੇ ਦੇ ਹਾਲਾਤ ਨੂੰ ਵਿਚਾਰਦਿਆਂ ਗੁਰੂ ਜੀ ਨੇ 30 ਮਾਰਚ 1699 ਨੂੰ ਸਿੱਖਾਂ ਨੂੰ ਸੰਦੇਸ਼ ਭੇਜੇ ਕਿ ਵਿਸਾਖੀ ਉੱਤੇ ਉਹ ਆਪਣੇ ਸ਼ਸਤਰਾਂ ਸਮੇਤ ਅਨੰਦਪੁਰ ਸਾਹਿਬ ਇਕੱਠੇ ਹੋਣ। ਵਿਸਾਖੀ ਉੱਤੇ ਕਰੀਬ 80 ਹਜ਼ਾਰ ਸਿੱਖ ਜੁੜ ਗਏ।

ਉਨ੍ਹਾਂ ਦੇ ਸਨਮੁੱਖ ਖੜ੍ਹੇ ਹੋ ਕੇ ਗੁਰੂ ਜੀ ਨੇ ਨੰਗੀ ਤਲਵਾਰ ਲਹਿਰਾਉਂਦਿਆਂ ਕਿਹਾ, ਸਨਮੁੱਖ ਪੂਰਾ ਸਿੱਖ ਹੈ ਕੋਈ, ਸੀਸ ਭੇਟ ਗੁਰ ਦੇਵੇ ਸੋਈ॥ ਇਹ ਸੁਣ ਕੇ ਸੰਗਤ ਵਿੱਚ ਸੰਨਾਟਾ ਛਾ ਗਿਆ। ਮਗਰੋਂ ਭਾਈ ਦਇਆ ਰਾਮ ਉਠੇ ਤੇ ਗੁਰੂ ਜੀ ਦੇ ਸਨਮੁੱਖ ਸਮਰਪਿਤ ਹੋਏ। ਗੁਰੂ ਜੀ ਉਸ ਨੂੰ ਤੰਬੂ ਵਿੱਚ ਲੈ ਗਏ ਤੇ ਕੁਝ ਸਮੇਂ ਬਾਅਦ ਲਹੂ ਭਿੱਜੀ ਤਲਵਾਰ ਲਹਿਰਾਉਂਦਿਆਂ ਮੁੜ ਸੀਸ ਦੀ ਮੰਗ ਦੁਹਰਾਈ।

ਫਿਰ ਵਾਰੋ-ਵਾਰੀ ਚਾਰ ਸਿੱਖਾਂ ਧਰਮ ਦਾਸ, ਹਿੰਮਤ ਰਾਏ, ਮੁਹਕਮ ਚੰਦ ਤੇ ਸਾਹਿਬ ਚੰਦ ਨੇ ਆਪਣੇ ਸੀਸ ਗੁਰੂ ਜੀ ਦੇ ਸਨਮੁੱਖ ਅਰਪਣ ਕੀਤੇ। ਕੁਝ ਦੇਰ ਬਾਅਦ ਗੁਰੂ ਜੀ ਉਨ੍ਹਾਂ ਪੰਜਾਂ ਸਿੱਖਾਂ ਨੂੰ ਨਵੇਂ ਸ਼ਸਤਰ-ਵਸਤਰ ਪਹਿਨਾ ਕੇ ਸੰਗਤ ਸਾਹਮਣੇ ਲਿਆਏ। ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਇੱਕੋ ਬਾਟੇ ਵਿੱਚ ਤਿਆਰ ਕੀਤਾ ਖੰਡੇ ਦਾ ਅੰਮ੍ਰਿਤ ਛਕਾ ਕੇ 'ਪੰਜ ਪਿਆਰਿਆਂ' ਦੀ ਪਦਵੀ ਬਖ਼ਸ਼ੀ। ਫਿਰ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਗ੍ਰਹਿਣ ਕੀਤੀ। ਗੁਰੂ ਜੀ ਨੇ ਭਾਈ ਜੈਤਾ ਨੂੰ ਅੰਮ੍ਰਿਤ ਪਾਨ ਕਰਵਾਇਆ ਤੇ ਜੈਤਾ ਤੋਂ ਜੀਵਨ ਸਿੰਘ ਨਾਮ ਰੱਖ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ 16 ਨਵੰਬਰ 1675 ਨੂੰ ਕੀਤੇ ਸੰਕਲਪ ਨੂੰ 1699 ਦੀ ਵਿਸਾਖੀ ਨੂੰ ਅਜਿਹਾ 'ਖ਼ਾਲਸਾ ਸਰੂਪ' ਸਾਜ ਕੇ ਸੰਪੂਰਨ ਕੀਤਾ।

## ਬੇਕਸੂਰ ਨੌਜਵਾਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਸ਼੍ਰੋਮਣੀ ਕਮੇਟੀ ਵਲੋਂ ਰੋਸ ਮਾਰਚ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ, ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਕਵੀਸ਼ਰਾਂ ਅਤੇ ਸੈਂਕੜੇ ਕਰਮਚਾਰੀਆਂ ਵਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੰਮ੍ਰਿਤਪਾਲ ਸਿੰਘ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਸੈਂਕੜੇ ਬੇਕਸੂਰ ਨੌਜਵਾਨਾਂ ਦੀ ਰਿਹਾਈ ਤੇ ਲਗਾਏ ਐੱਨ.ਐੱਸ.ਏ. ਨੂੰ ਹਟਾਉਣ ਦੀ ਮੰਗ ਅਤੇ ਮੁੱਖ ਮੰਤਰੀ ਵਲੋਂ ਬੀਤੇ ਦਿਨੀਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਅਤੇ ਆਭਾ ਨੂੰ ਠੇਸ ਪਹੁੰਚਾਉਣ ਵਾਲੀਆਂ ਕੀਤੀਆਂ ਟਿੱਪਣੀਆਂ ਵਿਰੁੱਧ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਪਲਾਜ਼ਾ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ।

ਰੋਸ ਮਾਰਚ ਦੌਰਾਨ ਬਾਰਿਸ਼ ਦੇ ਬਾਵਜੂਦ ਜ਼ਿਲ੍ਹਾ ਕਚਹਿਰੀ ਬਾਹਰ ਕਿਚਲੂ ਵਿਖੇ ਕੁਝ ਸਮਾਂ ਸੰਕੇਤਕ ਰੂਪ ਵਿਚ ਰੋਸ ਧਰਨਾ ਵੀ ਦਿੱਤਾ ਗਿਆ।

## ਕਦੀ ਵਿਆਹ ਵਰਗੇ ਮਾਹੌਲ 'ਚ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਦੇ ਪਿੰਡ ਜੱਲੂਪੁਰ ਖੈੜਾ ਵਿਖੇ ਛਾਇਆ ਸੰਨਾਟਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

'ਵਾਰਿਸ ਪੰਜਾਬ' ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦਾ ਜੱਦੀ ਪਿੰਡ ਜੱਲੂਪੁਰ ਖੈੜਾ ਜੋ ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬਾ ਰਈਆ ਨਜ਼ਦੀਕ ਪੈਂਦਾ ਹੈ, ਵਿਖੇ ਕਦੀ ਵਿਆਹ ਵਰਗਾ ਮਾਹੌਲ ਹੁੰਦਾ ਸੀ ਅਤੇ ਪਿੰਡ ਦੇ ਬਾਹਰ ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਦੇ ਕੇਂਦਰ ਗੁਰਦੁਆਰਾ ਬਾਬਾ ਕਾਲਾ ਮਹਿਰ 'ਚ ਹਰ ਸਮੇਂ ਮੇਲੇ ਵਰਗਾ ਮਾਹੌਲ ਬਣਿਆ ਰਹਿੰਦਾ ਸੀ ਪਰ 18 ਮਾਰਚ ਤੋਂ ਸ਼ੁਰੂ ਹੋਏ ਆਪ੍ਰੇਸ਼ਨ ਅੰਮ੍ਰਿਪਾਲ ਤੋਂ ਬਾਅਦ ਪਿੰਡ ਵਿਚ ਸੰਨਾਟਾ ਛਾਇਆ ਹੋਇਆ ਹੈ ਅਤੇ ਪਿੰਡ ਦੇ ਲੋਕ ਦਹਿਸ਼ਤ ਦੇ ਪ੍ਰਛਾਵੇਂ ਹੇਠ ਹਨ।

## ਜਥੇਦਾਰ ਦੇ ਅਲਟੀਮੇਟਮ ਅੱਗੇ ਝੁਕੀ ਮਾਨ ਸਰਕਾਰ 348 ਨੌਜਵਾਨ ਰਿਹਾਅ ਕਰਨ ਦੀ ਦਿੱਤੀ ਜਾਣਕਾਰੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਰਕਾਰ ਨੂੰ ਫੜੇ ਬੇਕਸੂਰ ਸਿੱਖ ਨੌਜਵਾਨਾਂ ਨੂੰ 24 ਘੰਟਿਆਂ ਦੇ ਅੰਦਰ ਰਿਹਾਅ ਕਰਨ ਦੇ ਦਿੱਤੇ ਅਲਟੀਮੇਟਮ ਤੋਂ ਬਾਅਦ ਪੰਜਾਬ ਸਰਕਾਰ ਨੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਨੂੰ ਜਾਣਕਾਰੀ ਭੇਜ ਕੇ 348 ਨੌਜਵਾਨਾਂ ਨੂੰ ਰਿਹਾਅ ਕਰਨ ਦੀ ਜਾਣਕਾਰੀ ਦਿੱਤੀ ਹੈ। ਗੱਲਬਾਤ ਕਰਦਿਆਂ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਦੱਸਿਆ ਕਿ ਸਵੇਰੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜਾਬ ਸਰਕਾਰ ਵਲੋਂ ਦਿੱਤੀ ਗਈ ਜਾਣਕਾਰੀ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਨੇ ਪਿਛਲੇ ਦਿਨੀਂ ਧਾਰਾ 107/51 ਤਹਿਤ ਕੁੱਲ 360 ਨੌਜਵਾਨ ਗ੍ਰਿਫ਼ਤਾਰ ਕੀਤੇ ਸਨ, ਜਿਨ੍ਹਾਂ 'ਚੋਂ 348 ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

## ਜੀ.ਕੇ. ਵਲੋਂ ਮੋਦੀ ਨੂੰ ਚਿੱਠੀ ਲਿਖ ਕੇ ਵਿਵਾਦਿਤ ਉਪ-ਸਿਰਲੇਖ ਹਟਾਉਣ ਦੀ ਮੰਗ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਅਧੀਨ ਚੱਲ ਰਹੇ ਲੋਕ ਸ਼ਿਕਾਇਤ ਪੋਰਟਲ 'ਤੇ ਉਪ-ਸਿਰਲੇਖ 'ਸਿੱਖ ਅੱਤਵਾਦੀ ਗਤੀਵਿਧੀਆਂ ਭਾਰਤ/ਵਿਦੇਸ਼' ਨੂੰ ਤੁਰੰਤ ਹਟਾਉਣ ਦੀ ਮੰਗ ਕਰਦਿਆਂ ਇਸ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਆਪਣੇ ਪੱਤਰ ਵਿਚ ਜੀ.ਕੇ. ਨੇ ਕਿਹਾ ਹੈ ਕਿ ਕੋਵਿਡ ਮਹਾਂਮਾਰੀ ਦੌਰਾਨ ਸਿੱਖਾਂ ਦੀਆਂ ਬੇਮਿਸਾਲ ਸੇਵਾਵਾਂ ਅਤੇ ਪਾਕਿਸਤਾਨ ਤੇ ਚੀਨ ਦੀਆਂ ਸਰਹੱਦਾਂ ਸਣੇ ਗਲਵਾਨ ਘਾਟੀ ਵਿਖੇ ਸਿੱਖ ਫੌਜੀਆਂ ਦੀਆਂ ਬਹਾਦਰੀ ਦੀਆਂ ਬੇਮਿਸਾਲ ਕਹਾਣੀਆਂ ਦਰਮਿਆਨ ਸਿੱਖਾਂ ਨੂੰ ਅੱਤਵਾਦੀ ਕਰਾਰ ਦੇਣ ਦੀ ਕੇਂਦਰ ਸਰਕਾਰ ਦੀ ਇਹ ਮੁਹਿੰਮ ਬੇਲੋੜੀ ਤੇ ਸਿੱਖਾਂ ਨੂੰ ਦੇਸ਼ ਵਿਰੋਧੀ ਸਮਝਣ ਵਾਂਗ ਹੈ।

## ਸਿੱਖ ਰਾਜ ਸਮੇਂ ਦੀਆਂ ਰਿਆਸਤਾਂ ਦੇ ਝੰਡਿਆਂ ਨੂੰ ਖ਼ਾਲਿਸਤਾਨੀ ਝੰਡੇ ਦੱਸਣਾ ਸਾਜਿਸ਼-ਭਾਈ ਲੌਂਗੋਵਾਲ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸਰਕਾਰੀ ਏਜੰਸੀਆਂ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਹੱਦੋਂ ਪਾਰ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਵਲੋਂ ਵੱਖ-ਵੱਖ ਲੋਗੋ ਅਤੇ ਝੰਡੇ ਵਿਖਾ ਕੇ ਇਨ੍ਹਾਂ ਨੂੰ ਖਾਲਿਸਤਾਨੀ ਝੰਡੇ ਅਤੇ ਖਾਲਿਸਤਾਨੀ ਲੋਗੋ ਦੱਸਿਆ ਜਾ ਰਿਹਾ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਇਹ ਖਾਲਿਸਤਾਨੀ ਝੰਡੇ ਨਹੀਂ ਹਨ ਸਗੋਂ ਲਾਹੌਰ ਦੇ ਸ਼ਾਹੀ ਕਿੱਲ੍ਹੇ ਉੱਤੇ 50 ਸਾਲ ਝੂਲਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਰਾਜ ਦਾ ਝੰਡਾ ਹੈ।

## ਆਮ ਘਰਾਂ ਦੇ ਨੌਜਵਾਨਾਂ 'ਤੇ ਐਨ.ਐਸ. ਏ. ਲਗਾ ਕੇ ਸੂਬੇ 'ਚ ਡਰ ਵਾਲਾ ਮਾਹੌਲ ਸਿਰਜਿਆ ਜਾ ਰਿਹੈ-ਬਲਕੌਰ ਸਿੰਘ ਸਿੱਧੂ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਪਾਲ ਸਿੰਘ ਦੇ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਸੂਬੇ 'ਚ ਅਜਿਹਾ ਬਿਰਤਾਂਤ ਸਿਰਜਿਆ ਗਿਆ ਹੈ, ਜੋ ਮੁੜ ਪੰਜਾਬ ਨੂੰ ਕਾਲੇ ਦੌਰ ਵੱਲ ਲੈ ਕੇ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਮ ਘਰਾਂ ਦੇ ਨੌਜਵਾਨਾਂ 'ਤੇ ਐਨ.ਐਸ.ਏ. ਵਰਗੀਆਂ ਧਾਰਾਵਾਂ ਲਗਾ ਕੇ ਸੂਬੇ 'ਚ ਡਰ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਦਕਿ ਗੈਂਗਸਟਰ ਸ਼ਰੇਆਮ ਜੇਲ੍ਹ 'ਚੋਂ ਵੀਡੀਓ ਜਾਰੀ ਕਰ ਰਹੇ ਹਨ, ਦੇ ਮੁੱਦੇ 'ਤੇ ਸਰਕਾਰ ਨੇ ਚੁੱਪੀ ਧਾਰੀ ਹੋਈ ਹੈ।

## ਪੰਜਾਬ ਤੇ ਕੇਂਦਰ ਵਲੋਂ ਜਾਣਬੁੱਝ ਕੇ ਸੂਬੇ ਦਾ ਮਾਹੌਲ ਖ਼ਰਾਬ ਕੀਤਾ ਜਾ ਰਿਹੈ-ਸੰਯੁਕਤ ਕਿਸਾਨ ਮੋਰਚਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂਆਂ ਹਰਿੰਦਰ ਸਿੰਘ ਲੱਖੋਵਾਲ, ਗੁਰਮੀਤ ਸਿੰਘ ਮਹਿਮਾ, ਹਰਜੀਤ ਸਿੰਘ ਰਵੀ ਅਤੇ ਮਨਜੀਤ ਸਿੰਘ ਰਾਏ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀ ਵਿਸ਼ੇਸ਼ ਇਕੱਤਰਤਾ ਹੋਈ। ਇਕੱਤਰਤਾ ਵਿਚ ਪੰਜਾਬ ਅੰਦਰ ਬਣੇ ਦਹਿਸ਼ਤ ਦੇ ਮਾਹੌਲ ਬਾਰੇ ਵਿਸਥਾਰ 'ਚ ਵਿਚਾਰ ਚਰਚਾ ਹੋਈ। ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਜਾਣਬੁੱਝ ਕੇ ਅਤੇ ਤੈਅ ਸ਼ੁਦਾ ਤਰੀਕੇ ਨਾਲ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ।

## ਮਨਜੀਤ ਸਿੰਘ ਜੀ.ਕੇ. ਵਲੋਂ ਜਥੇਦਾਰ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਗ੍ਰਿਫ਼ਤਾਰੀ ਲਈ ਚਲਾਏ ਪੁਲਿਸ ਆਪਰੇਸ਼ਨ ਤੋਂ ਬਾਅਦ ਪੰਜਾਬ ਅੰਦਰ ਬਣੇ ਮਾਹੌਲ ਦਰਮਿਆਨ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ ਕੀਤੀ ਗਈ। ਜੀ.ਕੇ. ਨੇ ਕਿਹਾ ਕਿ ਪੰਜਾਬ ਵਿਚ ਬਣੇ ਮਾਹੌਲ ਤੋਂ ਬਾਅਦ ਹੁਣ ਦੂਜੇ ਰਾਜਾਂ ਦੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹੈ।

# ਖ਼ਾਲਸਾ ਪੰਥ ਦੀ ਸਿਰਜਣਾ: ਇਤਿਹਾਸਕ ਪ੍ਰਸੰਗ

**ਡਾ. ਜਸਪਾਲ ਸਿੰਘ**




1699 ਦੀ ਵਿਸਾਖੀ ਦਾ ਦੁਨੀਆ ਦੇ ਇਤਿਹਾਸ ਵਿਚ ਆਪਣਾ ਨਿਵੇਕਲਾ ਮੁਕਾਮ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਸ ਵਿਸਾਖੀ ਵਾਲੇ ਦਿਨ ਇਕ ਐਸਾ ਇਨਕਲਾਬ ਵਾਪਰਿਆ ਸੀ, ਜਿਸ ਨੇ ਇਤਿਹਾਸ ਦੀ ਬਣਤਰ ਤੇ ਨੁਹਾਰ ਬਦਲ ਦਿੱਤੀ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ ਅਤੇ ਹਿੰਦੁਸਤਾਨੀ ਜਨਤਾ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ।

ਇਤਿਹਾਸ ਦੱਸਦਾ ਹੈ ਕਿ ਇਸ ਵਿਸਾਖੀ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਦੇ ਇਕੱਠ ਸਾਹਮਣੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤਲਵਾਰ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਆਪਣੀ ਸੰਗਤ ਪਾਸੋਂ ਇਕ ਸਿਰ ਦੀ ਮੰਗ ਕੀਤੀ।

ਸਾਰਾ ਇਕੱਠ ਇਹ ਵਿਚਿੱਤਰ ਮੰਗ ਸੁਣ ਕੇ ਇਕ ਵਾਰ ਅਚੰਭਿਤ ਹੋ ਗਿਆ, ਸਨਸਨੀ ਛਾ ਗਈ। ਪਰ ਇਕ ਸਿੱਖ ਉਠਿਆ ਤੇ ਉਸ ਨੇ ਆਪਣਾ ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਖ਼ੂਨ ਨਾਲ ਭਿੱਜੀ ਕਿਰਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ।

ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਿਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨਾਲ ਤੰਬੂ 'ਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖਿਤਾਬ ਦਿੱਤਾ।

ਫਿਰ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ ਵੀ ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖ਼ਾਲਸਾ ਜਥੇਬੰਦੀ ਵਿਚ ਸ਼ਾਮਿਲ ਹੋ ਗਏ। ਸੱਯਦ ਮੁਹੰਮਦ ਲਤੀਫ਼ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ 80 ਹਜ਼ਾਰ ਤੋਂ ਵੱਧ ਲੋਕੀਂ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਨੂੰ ਹੋਰ ਬਾਰੀਕੀ ਨਾਲ ਘੋਖੀਏ ਤਾਂ ਇਹ ਤੱਥ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜੋ ਇਤਿਹਾਸਕ ਚਮਤਕਾਰ 1699 ਦੀ ਵਿਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜ੍ਹੀ ਸੀ।

ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰਤਾ ਨਾਲ ਇਸ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਅਮਲੀ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ। ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ ਇਥੇ ਦੋ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ।

ਪਹਿਲਾ, ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚਲ ਕੇ ਹਜ਼ਾਰਾਂ ਸਿੱਖਾਂ ਦਾ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਪਹੁੰਚਣਾ, ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਦੋ ਸਦੀਆਂ ਦੇ ਨਿਰੰਤਰ ਪ੍ਰਚਾਰ ਨਾਲ ਫੈਲੀ ਸੀ।

ਦੂਜਾ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ 'ਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤੱਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਿਆ ਸੀ। ਸਪੱਸ਼ਟ ਹੈ ਕਿ ਜੋ ਚਮਤਕਾਰ ਵਿਹਾਰਕ ਰੂਪ ਵਿਚ 1699 ਦੀ ਵਿਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ।

ਇਥੇ ਇਹ ਹਕੀਕਤ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋਅ ਕੇ ਅਰਥਪੂਰਨ ਜੀਵਨ ਦੀ ਜਾਚ ਸਿਖਾਉਣਾ ਚਾਹੁੰਦੇ ਸਨ। ਸਾਰੇ ਸ਼ੋਸ਼ਿਤ ਸਮਾਜ ਨੂੰ ਰਾਜ-ਸੱਤਾ ਵਿਚ ਆਪਣੀ ਭਾਗੀਦਾਰੀ

**ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰਤਾ ਨਾਲ ਇਸ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਅਮਲੀ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ।**



ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਦੀ ਇਸ ਯੋਜਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ:

ਇਨ ਚਿੜੀਅਨ ਤੇ ਬਾਜ ਤੁੜਾਵੌਂ।
ਅਜਾ ਸੁਤਨ ਤੇ ਸ਼ੇਰ ਕੁਰਾਵੌਂ।
ਸਿੱਖਨ ਕੋ ਭੁਗਤੈ ਹੌਂ ਰਾਜ।
ਤਬੈ ਸਦੈਹੌਂ ਗਰੀਬ ਨਿਵਾਜ।

ਇਕ ਗੱਲ ਹੋਰ। ਖ਼ਾਲਸਾ ਕੌਣ ਹੈ, ਕੀ ਪਰਿਭਾਸ਼ਾ ਹੈ ਖ਼ਾਲਸੇ ਦੀ? ਇਹ ਸਵਾਲ ਵੀ ਬਹੁਤ ਅਹਿਮ ਹੈ। ਸਾਡੀਆਂ ਇਤਿਹਾਸਕ ਤੇ ਰਵਾਇਤੀ ਲਿਖਤਾਂ ਵਿਚੋਂ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ। 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਇਸ ਸਵਾਲ ਦਾ ਜਵਾਬ ਦੇਣ ਦਾ ਯਤਨ ਬੜੇ ਢੁਕਵੇਂ ਅੰਦਾਜ਼ ਵਿਚ ਕੀਤਾ ਗਿਆ ਹੈ। ਲਿਖਤ ਦੀਆਂ ਸਤਰਾਂ ਇਸ ਤਰ੍ਹਾਂ ਹਨ:

'ਸੋ ਕਉਨ ਖ਼ਾਲਸਾ ਹੈਨਿ?
ਜਿਨ੍ਹੀ ਕਿਨ੍ਹੀਂ ਆਪਣਾ ਤਨ ਮਨ ਧਨੁ
ਗੁਰੂ ਸ੍ਰੀ ਅਕਾਲ ਪੁਰਖ ਦੀ ਕਓ ਸਓਪਿਆ ਹੈ
ਕਿਸੀ ਬਾਤ ਕਾ ਉਨ ਕਓ ਹਰਖ ਸੋਗ ਨਾਹੀ
ਅਰ ਕਿਸੀ ਦੀ ਆਸਾ ਨਹੀਂ ਕਰਤੇ
ਅਰ ਇੰਦ੍ਰੀਆਂ ਆਪਣੀਆਂ ਕਓ ਜੀਤ ਬੈਠੇ ਹੈਨਿ
ਅਰ ਚਿਤਨਵੀ ਆਪਨੀ ਕਓ
ਸ੍ਰੀ ਅਕਾਲ ਪੁਰਖ ਜੀ ਦੇ
ਚਰਨਾਰਬਿੰਦ ਬਿਖੈ ਰਖਿਆ ਹੈ'

ਕਵੀ ਸੈਨਾਪਤੀ ਰਚਿਤ 'ਸ੍ਰੀ ਗੁਰ ਸੋਭਾ' ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ:

ਖ਼ਾਲਸਾ ਖਾਸ ਕਹਾਵੈ ਸੋਈ,
ਜਾ ਕੈ ਹਿਰਦੈ ਭਰਮ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ,
ਸੋ ਖ਼ਾਲਸਾ ਸਤਿਗੁਰੂ ਹਮਾਰਾ।

ਭਾਈ ਰਤਨ ਸਿੰਘ ਭੰਗੂ ਨੇ ਖ਼ਾਲਸਾ ਸ਼ਬਦ ਨੂੰ ਨਿਵੇਕਲੀ ਦ੍ਰਿਸ਼ਟੀ ਤੋਂ ਪ੍ਰਭਾਸ਼ਿਤ ਕੀਤਾ ਹੈ। ਉਸ ਅਨੁਸਾਰ ਖ਼ਾਲਸਾ ਪੂਰਨ ਪ੍ਰਭੂਸੱਤਾ ਦਾ ਮਾਲਕ ਹੈ, ਖੁਦਮੁਖਤਿਆਰ ਹੈ। ਕਿਸੇ ਦੀ ਈਨ ਮੰਨਣਾ ਉਸ ਦੇ ਸੁਭਾਅ ਵਿਚ ਸ਼ਾਮਿਲ ਨਹੀਂ। ਉਹ ਆਪ ਖੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖੁਦਾਈ ਗੁਣਾਂ ਦਾ ਧਾਰਨੀ ਹੈ:

ਖ਼ਾਲਸੋ ਹੋਵੈ ਖੁਦ ਖੁਦਾ
ਜਿਸ ਖੂਬੀ ਖੂਬ ਖੁਦਾਇ।
ਆਨ ਨਾ ਮਾਨੈ ਆਨ ਕੀ
ਇਕ ਸੱਚੇ ਬਿਨ ਪਾਤਿਸ਼ਾਹਿ।

ਭਾਈ ਨੰਦ ਲਾਲ ਦੇ 'ਤਨਖਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫਹਿਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ-ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ:

ਖ਼ਾਲਸਾ ਸੋਇ ਜੋ ਨਿੰਦਾ ਤਿਆਗੈ।
ਖ਼ਾਲਸਾ ਸੋਇ ਲੜੈ ਹੋਇ ਆਗੈ।
ਖ਼ਾਲਸਾ ਸੋਇ ਪੰਚ ਕੋ ਮਾਰੈ।
ਖ਼ਾਲਸਾ ਸੋਇ ਭਰਮ ਕੋ ਸਾੜੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ 1699 ਦੀ ਵਿਸਾਖੀ 'ਤੇ ਅਨੰਦਪੁਰ ਦੀ ਪਵਿੱਤਰ ਧਰਤੀ ਤੇ, ਸਿੱਖੀ ਦੇ ਬੁਨਿਆਦੀ ਅਸੂਲਾਂ ਅਤੇ ਸਿਧਾਂਤਾਂ ਉੱਪਰ ਵਿਸ਼ਵਾਸ ਰੱਖਣ ਵਾਲਾ, ਭਰਮ-ਭੇਖ ਤੋਂ ਨਿਆਰਾ ਰਹਿ ਕੇ ਆਪਣੇ ਚਿਤ ਨੂੰ ਹਮੇਸ਼ਾ ਅਕਾਲ ਪੁਰਖ ਦੇ ਚਰਨਾਂ ਵਿਚ ਟਿਕਾ ਕੇ ਵਿਲੱਖਣ ਜੀਵਨ ਜਿਊਣ ਵਾਲਾ, ਇਨਕਲਾਬੀ, ਮਰਜੀਵੜਾ, ਖ਼ੁਦਮੁਖਿਤਿਆਰ ਖ਼ਾਲਸਾ ਪੰਥ ਹੋਂਦ ਵਿਚ ਆਇਆ।

ਖ਼ਾਲਸਾ ਪੰਥ ਦੀ ਸਿਰਜਣਾ ਦੇ ਨਿਵੇਕਲੇ ਇਤਿਹਾਸਕ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਲਿਖੀ ਇਹ ਇਬਾਰਤ ਵੀ ਪੜ੍ਹਨ ਵਾਲੀ ਹੈ। ਉਨ੍ਹਾਂ ਦਾ ਕਹਿਣਾ ਹੈ 'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖ਼ਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'

ਲੇਖ ਦੇ ਆਖਿਰ ਵਿਚ, ਹਿੰਦੀ ਜਗਤ ਦੇ ਮਹਾਨ ਸਾਹਿਤਕਾਰ, ਹਜਾਰੀ ਪ੍ਰਸ਼ਾਦ ਦਿਵੇਦੀ ਦੀਆਂ ਵੱਡੇ ਮਹੱਤਵ ਵਾਲੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਦਭੁਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ।

ਐਸੇ ਹੀ ਲੋਗਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਅਘਟਿਤ ਘਟਨਾ ਘੱਟ ਹੀ ਦੇਖੀ ਗਈ ਹੈ।

ਕਾਲ ਦੇ ਰਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।' ਸੁਆਮੀ ਵਿਵੇਕਾਨੰਦ ਨੇ ਵੀ ਖ਼ਾਲਸਾ ਪੰਥ ਦੀ ਸਿਰਜਣਾ ਦੇ ਮਹੱਤਵ ਨੂੰ ਕਲਮ ਬੰਦ ਕਰਦਿਆਂ ਇਸ ਸਚਾਈ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ-'ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਦੀਕਸ਼ਾ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਛਤ ਮਨੁੱਖ ਵਿਚ ਸਵਾ ਲੱਖ ਮਨੁੱਖਾਂ ਦੀ ਸ਼ਕਤੀ ਸੰਚਰਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ, ਇਸ ਵਰਗਾ ਕੋਈ ਹੋਰ ਦ੍ਰਿਸ਼ਟਾਂਤ ਵਿਰਲਾ ਹੀ ਮਿਲੇਗਾ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ।'

**ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ।**

# ਜ਼ਮੀਨਾਂ ਪੰਜਾਬ ਦੀਆਂ, ਰੋਹਬ ਹਰਿਆਣੇ ਦਾ, ਸ਼ਾਨ ਹਿੰਦੁਸਤਾਨ ਦੀ



**ਪ੍ਰੇਮ ਸਿੰਘ**

ਪਟਿਆਲਾ ਸ਼ਹਿਰ ਪੰਜਾਬ ਦੇ ਸੋਹਣੇ ਸ਼ਹਿਰਾਂ ਵਿਚੋਂ ਇਕ ਹੈ। ਮੈਂ ਇਸੇ ਸ਼ਹਿਰ ਦਾ ਜੰਮਪਲ ਹਾਂ। ਸਕੂਲੀ ਵਿਦਿਆ ਪੂਰੀ ਕਰਕੇ ਮਹਿੰਦਰਾ ਕਾਲਜ ਤੋਂ ਐਫ.ਏ. ਕੀਤੀ।

ਬਾਬਾ ਆਲਾ ਸਿੰਘ (1691-1765) ਵਸਾਇਆ ਇਹ ਸ਼ਹਿਰ ਕਈ ਪੁਸ਼ਤਾਂ ਤੱਕ ਇਸ ਬੰਸ ਦੇ ਅਧੀਨ ਰਿਹਾ। 1947 ਸਮੇਂ ਦੇਸ਼ ਦੇ ਦੋ ਟੋਟੇ ਹੋ ਗਏ ਹਿੰਦੋਸਤਾਨ ਤੇ ਪਾਕਿਸਤਾਨ। ਹਿੰਦੋਸਤਾਨ ਇਕ ਸੁਤੰਤਰ ਦੇਸ਼ ਵਜੋਂ ਹੋਂਦ ਵਿਚ ਆਇਆ। ਇੱਥੇ ਕੋਈ 150 ਵਰ੍ਹੇ ਬ੍ਰਿਟਿਸ਼ ਸਾਮਰਾਜ ਦਾ ਰਾਜ ਰਿਹਾ।

ਉਸ ਸਮੇਂ ਪੰਜਾਬ ਨਿੱਕੀਆਂ ਨਿੱਕੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਜਿਸ ਦਾ ਫ਼ਾਇਦਾ ਕਰ ਚੋਰੀ ਕਰਨ ਵਾਲੇ, ਗ਼ੈਰ-ਕਾਨੂੰਨੀ ਢੰਗ ਨਾਲ ਸਾਮਾਨ ਵੇਚਣ ਵਾਲੇ ਤੇ ਸਮਾਜ ਵਿਰੋਧੀ ਤੱਤ ਲੈਂਦੇ ਸਨ। ਪੰਜ ਮਈ 1948 ਨੂੰ ਇਨ੍ਹਾਂ ਸਭ ਦੇ ਮੱਦੇਨਜ਼ਰ ਪੈਪਸੂ ਨਾਂ ਦੀ ਨਵੀਂ ਸਟੇਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਉਪ-ਪ੍ਰਧਾਨ ਮੰਤਰੀ ਵੱਲਭਭਾਈ ਪਟੇਲ ਨੇ 15 ਜੁਲਾਈ 1948 ਨੂੰ ਇਸ ਸਟੇਟ ਦਾ ਉਦਘਾਟਨ ਕੀਤਾ।

ਇਸ ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ- ਜੀਂਦ, ਨਾਭਾ, ਮਾਲੇਰਕੋਟਲਾ, ਫ਼ਰੀਦਕੋਟ, ਕਲਸੀਆਂ, ਕਪੂਰਥਲਾ ਤੇ ਨਾਲਾਗੜ੍ਹ ਸ਼ਾਮਲ ਸਨ। ਮਹਾਰਾਜਾ ਯਾਦਵਿੰਦਰ ਸਿੰਘ ਨੂੰ ਇਸ ਦਾ ਰਾਜ ਪ੍ਰਮੁੱਖ ਬਣਾਇਆ ਗਿਆ। ਇਹ ਸਟੇਟ ਬਹੁਤਾ ਸਮਾਂ ਹੋਂਦ ਵਿਚ ਨਹੀਂ ਰਹੀ। 1 ਨਵੰਬਰ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿੱਤਾ ਗਿਆ।

ਹੋਰਾਂ ਵਾਂਗ ਮੇਰੇ ਪਿਤਾ ਸਰਦਾਰ ਅਰਜਨ ਸਿੰਘ ਦੀਆਂ ਸੇਵਾਵਾਂ ਪੈਪਸੂ ਦੇ ਪੰਜਾਬ ’ਚ ਮਿਲਣ ਨਾਲ ਪੰਜਾਬ ਸਰਕਾਰ ਅਧੀਨ ਹੋ ਗਈਆਂ। ਪੰਜਾਬ ਦੀ ਰਾਜਧਾਨੀ ਲਾਹੌਰ ਵੰਡ ਵੇਲੇ ਨਵੇਂ ਬਣੇ ਮੁਲਕ ਪਾਕਿਸਤਾਨ ਵੱਲ ਚਲੀ ਗਈ। ਪੰਜਾਬ ਦੀ ਨਵੀਂ ਰਾਜਧਾਨੀ ਉਸਾਰਨ ਦੀਆਂ ਤਜਵੀਜ਼ਾਂ ਬਣਨ ਲੱਗੀਆਂ। ਕੁਝ ਸਮੇਂ ਲਈ ਰਾਜਧਾਨੀ ਦਾ ਪ੍ਰਸ਼ਾਸਕੀ ਕੰਮਕਾਜ ਸ਼ਿਮਲੇ ਤੋਂ ਚਲਦਾ ਰਿਹਾ।

ਪੰਜਾਬ ਦੇ ਲੋਕ ‘ਹਸਮੁੱਖ, ਦੋਸਤਾਨਾ ਅਤੇ ਮਿਹਨਤੀ ਹਨ’। ਪੰਜਾਬੀਆਂ ਬਾਰੇ ਇਹ ਅਖਾਣ ਵੀ ਹੈ- ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ। ਗੁਰੂਆਂ ਦਾ ਉਪਦੇਸ਼ ਹੈ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਇਹ ਸ਼ਬਦ ਪੰਜਾਬੀ ਸੁਭਾਅ ਦੀ ਤਰਜਮਾਨੀ ਕਰਦੇ ਹਨ। ਮਮਤਾ, ਪਿਆਰ, ਭਾਈਚਾਰਾ ਇਸ ਸਾਂਝ ਦੀ ਸ਼ਕਤੀ ਹੈ।

ਲੰਮੇਂ ਸਮੇਂ ਦੇ ਵਿਚਾਰ-ਵਟਾਂਦਰੇ ਮਗਰੋਂ ਰਾਜਧਾਨੀ ਚੰਡੀਗੜ੍ਹ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦਾ ਨਾਂ ਚੰਡੀ ਮਾਤਾ ਦੇ ਮੰਦਰ ਅਤੇ ਇਸ ਨਾਲ ਲੱਗਦੇ ਕਿਲ੍ਹੇ (ਗੜ੍ਹ) ਨੂੰ ਮਿਲਾ ਕੇ ਰੱਖਿਆ ਗਿਆ। ਸੰਨ 1952 ਵਿਚ ਇਸ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਸ਼ਹਿਰ ਪੁਆਧੀ ਬੋਲਦੇ ਕੋਈ 50 ਪਿੰਡਾਂ ਦੀ ਥਾਂ ’ਤੇ ਉਸਰਿਆ। ਸ਼ਹਿਰ ਦੀ ਯੋਜਨਾ ਲਈ ਸਵਿੱਟਜ਼ਰਲੈਂਡ ਦੇ ਜੰਮਪਲ ਤੇ 1930 ’ਚ ਫਰਾਂਸ ਦੇ ਨਾਗਰਿਕ ਬਣੇ ਲੀ ਕਾਰਬੂਜ਼ੀਏ ਨੇ ਮੈਕਸਵੈੱਲ ਫਰਾਈ, ਜੇਨ ਡਰਿਊ, ਪੀਅਰ ਜੇਨਰੇਅ ਅਤੇ ਭਾਰਤੀ ਆਰਕੀਟੈਕਟਸ ਤੇ ਨਗਰ ਯੋਜਨਾਕਾਰਾਂ ਨਾਲ ਮਿਲ ਕੇ ਮਾਸਟਰ ਪਲੈਨ ਤਿਆਰ ਕੀਤਾ।

1961 ਵਿਚ ਮੈਂ ਕਾਲਜ ਦੀ ਪੜ੍ਹਾਈ ਖ਼ਤਮ ਕਰ ਕੇ ਚੰਡੀਗੜ੍ਹ ਆ ਗਿਆ। ਮੇਰੇ ਪਿਤਾ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਦੇ ਸਨ। ਸਾਡਾ ਪਰਿਵਾਰ ਹਾਲੇ ਪਟਿਆਲੇ ਹੀ ਰਹਿੰਦਾ ਸੀ। ਮੇਰੇ ਪਿਤਾ ਨੂੰ 20 ਸੈਕਟਰ ’ਚ ਸਰਕਾਰੀ ਕੁਆਰਟਰ ਮਿਲਿਆ ਹੋਇਆ ਸੀ। ਮੈਂ ਉਨ੍ਹਾਂ ਨਾਲ ਹੀ ਰਹਿੰਦਾ ਸੀ। ਮੇਰਾ ਕਲਾ ਦੇ ਰਾਹ ’ਤੇ ਤੁਰਨਾ ਤੈਅ ਹੋ ਚੁੱਕਿਆ ਸੀ। ਇਸ ਦੇ ਚਾਅ ਵਿਚ ਮੈਂ ਕੁਝ ਨਾ ਕੁਝ ਚਿਤਰਦਾ ਰਹਿੰਦਾ। ਖੇਡਣਾ, ਪੜ੍ਹਨਾ ਤੇ ਘੁੰਮਣਾ ਫਿਰਨਾ। ਮੇਰੀ ਪਹਿਚਾਣ ਵੀ ਅਜੇ ਸ਼ਹਿਰ ਨਾਲ ਨਹੀਂ ਸੀ ਹੋਈ।

ਨਾ ਕੋਈ ਮਿੱਤਰ ਸੀ। ਛੁੱਟੀ ਹੋਣ ’ਤੇ ਕਦੇ ਕਦੇ ਪਟਿਆਲੇ ਜਾ ਆਉਂਦਾ ਸੀ। ਇਕ ਵਾਰੀ ਤਾਂ ਮੈਂ ਹੌਸਲਾ ਕਰਕੇ ਸਾਈਕਲ ’ਤੇ ਪਟਿਆਲੇ ਚਲਾ ਗਿਆ। ਘਰ ਵਾਲੇ ਖ਼ੁਸ਼ ਵੀ ਸਨ ਤੇ ਨਾਰਾਜ਼ ਵੀ। ਅੰਬਾਂ ਦਾ ਸ਼ਹਿਰ ਸੀ ਚੰਡੀਗੜ੍ਹ। ਰੁੱਤ ਵੇਲੇ ਗਧਿਆਂ ’ਤੇ ਅੰਬਾਂ ਦੇ ਬੋਰੇ ਲੱਦ ਕੇ ਸੈਕਟਰ-ਸੈਕਟਰ ਜਾ ਕੇ ਫੇਰੀ ਵਾਲੇ ਅੰਬ ਵੇਚਦੇ ਸਨ। ਮੇਰੇ ਤਾਇਆ ਜੀ ਸ. ਝੰਡਾ ਸਿੰਘ ਉਸ ਵੇਲੇ ਲੁਧਿਆਣੇ ’ਚ ਆਪਣਾ ਕਾਰੋਬਾਰ ਕਰਦੇ ਸਨ।

ਸਾਡੀ ਤਾਈ ਦਾ ਨਾਂ ਕਰਤਾਰੋ (ਕਰਤਾਰ ਕੌਰ) ਸੀ। ਉਨ੍ਹਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਮੇਰੇ ਨਾਲ ਚੰਗਾ ਪਿਆਰ ਸੀ। ਮੇਰੇ ਪਿਤਾ ਆਪਣੇ ਵੱਡੇ ਭਰਾ ਨੂੰ ਅੰਬ ਚੂਪਣ ਲਈ ਚੰਡੀਗੜ੍ਹ ਬੁਲਾ ਲੈਂਦੇ। ਕਦੇ ਤਾਈ ਤੇ ਤਾਇਆ ਤੇ ਕਦੇ ਉਹ ਆਪ ਹੀ ਆ ਜਾਂਦੇ।

ਅੰਬਾਂ ਦਾ ਪੂਰੇ ਦਾ ਪੂਰਾ ਗਧੇ ’ਤੇ ਲੱਦਿਆ ਬੋਰਾ ਸੁਟਵਾ ਲੈਂਦੇ ਸਾਂ। ਬਰਫ਼ ਦੀ ਸਿੱਲ ਦਾ ਵੱਡਾ ਟੁਕੜਾ ਲਿਆ ਕੇ ਅੰਬਾਂ ਨਾਲ ਭਰੀ ਬਾਲਟੀ ਵਿਚ ਰੱਖ ਦੇਣਾ। ਸਾਰੇ ਆਲੇ-ਦੁਆਲੇ ਬੈਠ ਮਨ ਭਰ ਕੇ ਅੰਬ ਚੂਪਦੇ। ਪਟਿਆਲੇ ਤੋਂ ਵੀ ਪਰਿਵਾਰ ਚੰਡੀਗੜ੍ਹ ਆ ਗਿਆ ਸੀ। ਮੇਰੀ ਵੱਡੀ ਭੈਣ ਹਰਕ੍ਰਿਸ਼ਨ ਕੌਰ ਹੁਣ ਸਾਡੇ ਪਟਿਆਲੇ ਵਾਲੇ ਘਰ ਵਿਚ ਰਹਿੰਦੀ ਸੀ। ਉਸ ਦਾ ਖਾਵੰਦ ਗੁਰਚਰਨ ਸਿੰਘ ਬਹਾਦਰਗੜ੍ਹ ਸਥਿਤ ਫੈਕਟਰੀ ਵਿਚ ਕੰਮ ਕਰਦਾ ਸੀ। ਘਰ ਦਾ ਕੁਝ ਹਿੱਸਾ ਮੇਰੇ ਬਚਪਨ ਦੇ ਦੋਸਤ ਨੇ ਕਿਰਾਏ ’ਤੇ ਲੈ ਲਿਆ ਸੀ।

1962 ਵਿਚ ਸ਼ਿਮਲੇ ਤੋਂ ਗੌਰਮਿੰਟ ਸਕੂਲ ਆਫ ਆਰਟ ਐਂਡ ਕਰਾਫਟਸ ਪੰਜਾਬ ਦੀ ਨਵੀਂ ਉਸਰ ਰਹੀ ਰਾਜਧਾਨੀ ਵਿਚ ਆ ਗਿਆ। ਮੇਰੇ ਪਿਤਾ ਨੇ

# ਚੰਡੀਗੜ੍ਹ ਕਿਸਾ ਦਾ ਹੈ?

ਮੇਰੀ ਕਲਾ ਪ੍ਰਤੀ ਰੁਚੀ ਨੂੰ ਵੇਖਦਿਆਂ ਮੇਰਾ ਇਸੇ ਆਰਟ ਸਕੂਲ ਵਿਚ ਦਾਖ਼ਲਾ ਕਰਵਾ ਦਿੱਤਾ। ਟੈਸਟ ਵਿਚ 'ਸਟਿਲ ਲਾਈਫ' ਪੈਨਸਿਲ ਨਾਲ ਬਣਾਉਣੀ ਸੀ। ਕਲਾ ਦੇ ਖੇਤਰ ਵਿਚ ਇਹ ਮੇਰੀ ਪਹਿਲੀ ਵੱਡੀ ਚੁਣੌਤੀ ਸੀ। ਆਰਟ ਸਕੂਲ ਨੇ ਮੈਨੂੰ ਪ੍ਰਵਾਨ ਕਰ ਲਿਆ। ਮੈਂ ਹੁਣ ਨਵੇਂ ਸ਼ਹਿਰ ਤੇ ਨਵੀਂ ਦੁਨੀਆਂ ਵਿਚ ਜਿਉਣਾ ਸੀ। ਪਿਤਾ ਵੱਲੋਂ ਸਿੱਖੀਆਂ ਗੱਲਾਂ ਸਹਾਇਕ ਸਿੱਧ ਹੋਈਆਂ।

ਉਸ ਸਮੇਂ ਆਰਟ ਸਕੂਲ ਵਿਚ ਪੰਜਾਬ ਤੋਂ ਇਲਾਵਾ ਦਿੱਲੀ ਦੇ ਵੀ ਕੁਝ ਵਿਦਿਆਰਥੀ ਦਾਖ਼ਲ ਹੋਏ ਸਨ। ਨਵੀਆਂ ਰਾਹਾਂ 'ਤੇ ਤੁਰਦਿਆਂ ਨਵੇਂ ਮਿੱਤਰ ਬਣੇ। ਸ਼ਹਿਰ ਦਾ ਸੈਕਟਰ 22 ਉਸ ਸਮੇਂ ਜਨਤਕ ਸਥਾਨ ਸੀ। ਰਿਕਸ਼ਾ ਅਤੇ ਸਾਈਕਲ ਉਸ ਸਮੇਂ ਆਮ ਸਨ। ਫਿਲਮ ਵੇਖਣ ਦਾ ਬੜਾ ਉਤਸ਼ਾਹ ਸੀ ਸ਼ਹਿਰੀਆਂ 'ਚ। ਕਿਰਨ ਸਿਨੇਮਾ ਕਾਫ਼ੀ ਹਰਮਨ ਪਿਆਰਾ ਸੀ। ਹਫ਼ਤੇ 'ਚ ਹੁੰਦਾ ਵਿਸ਼ੇਸ਼ ਲੇਡੀਜ਼ ਸ਼ੋਅ ਇਸ ਤੋਂ ਵੀ ਹਰਮਨ ਪਿਆਰਾ ਸੀ। ਫਿਲਮ ਦੇ ਸ਼ੁਰੂ ਵਿਚ 'ਭਾਰਤੀ ਸਮਾਚਾਰ ਚਿੱਤਰ' ਦੀ ਰੀਲ ਚਲਦੀ ਸੀ। ਸਰਕਾਰੀ ਤੇ ਗ਼ੈਰ-ਸਰਕਾਰੀ ਇਸ਼ਤਿਹਾਰ ਵਿਖਾਏ ਜਾਂਦੇ ਸਨ।

ਇਸ਼ਤਿਹਾਰਾਂ ਵਿਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਸਾਉਣ ਲਈ ਸਰਕਾਰ ਸਸਤੀਆਂ ਕੀਮਤਾਂ 'ਤੇ ਪਲਾਟ ਤੇ ਉਨ੍ਹਾਂ ਨੂੰ ਖ਼ਰੀਦਣ ਲਈ ਲੋੜੀਂਦੀ ਰਕਮ ਦੇਣ ਦਾ ਵਾਅਦਾ ਕਰਦੀ ਸੀ। ਫਿਰ ਵੀ ਉਸ ਸਮੇਂ ਪਲਾਟ ਖਰੀਦਣ ਵਾਲੇ ਨਹੀਂ ਸਨ ਮਿਲਦੇ। ਆਰਟ ਸਕੂਲ ਵਿਚ ਮੇਰਾ ਇਕ ਦੋਸਤ ਸੀ ਰਾਮੇਸ਼ ਚੰਦ ਸਿੰਗਲਾ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਨੇ 22 ਸੈਕਟਰ ਵਿਚ ਪੰਜ ਮਰਲੇ ਦਾ ਪਲਾਟ 2500 ਰੁਪਏ 'ਚ ਖ਼ਰੀਦਿਆ। ਉਸ ਵਿਚ ਦੋ ਅੰਬ ਦੇ ਦਰਖ਼ਤ ਆ ਗਏ। 300/350 ਰੁਪਏ 'ਚ ਉਹ ਵਿਕ ਗਏ। ਇਹ ਸੀ ਉਸ ਸਮੇਂ ਰਾਜਧਾਨੀ ਚੰਡੀਗੜ੍ਹ ਦੀ ਸਥਿਤੀ। ਨਾ ਬੱਸ ਸਟੈਂਡ ਸੀ ਤੇ ਰੇਲਵੇ ਸਟੇਸ਼ਨ ਬਾਹਰ ਉਜਾੜ ਵਿਚ ਸੀ। ਬਾਹਰੋਂ ਆਉਣ ਵਾਲੀਆਂ ਬੱਸਾਂ ਪਹਿਲਾਂ ਨਗਲੇ (ਸੈਕਟਰ-27) ਰੁਕਦੀਆਂ ਤੇ ਬਾਅਦ ਵਿਚ 22 ਸੈਕਟਰ ਦੇ ਪਿੱਛੇ ਪੈਂਦੇ ਪਿੰਡ ਬਜਵਾੜੇ।



ਚੰਡੀਗੜ੍ਹ ਦੀ ਉਸਾਰੀ ਸਮੇਂ ਮਜ਼ਦੂਰ ਚਿੱਤਰ: ਲੇਖਕ

ਸ਼ਹਿਰ ਚੰਡੀਗੜ੍ਹ ਦੀ ਦੁਨੀਆ ਵਿਚ ਚਰਚਾ ਸੀ, ਫਿਰ ਵੀ ਲੋਕਾਂ ਦੇ ਮਨਾਂ 'ਚ ਅਨਿਸ਼ਚਿਤਤਾ ਸੀ। ਇਕ ਪੱਖ ਇਸ ਦੀ ਸ਼ਲਾਘਾ ਕਰ ਰਿਹਾ ਸੀ, ਦੂਸਰਾ ਕਹਿ ਰਿਹਾ ਸੀ ਕਿ ਚੰਡੀਗੜ੍ਹ 'ਚ ਦਾਖ਼ਲ ਹੁੰਦੇ ਹੀ ਇੰਝ ਲੱਗਦਾ ਸੀ ਜਿਵੇਂ ਤੁਸੀਂ ਵਿਦੇਸ਼ ਚਲੇ ਗਏ ਹੋਵੋ।

ਸਾਰੀ ਦੀ ਸਾਰੀ ਭਵਨ ਨਿਰਮਾਣ ਕਲਾ ਵਿਲੱਖਣ ਜਾਪਦੀ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚੰਡੀਗੜ੍ਹ ਨੂੰ ਅਜੋਕੇ ਭਾਰਤ ਦਾ ਪ੍ਰਤੀਕ ਮੰਨਦੇ ਸਨ। ਕਿਸੇ ਸ਼ਹਿਰ ਨੂੰ ਬਣਾਉਣ ਲਈ ਪਹਿਲੀ ਵਾਰ ਇੰਨਾ ਕੰਕਰੀਟ ਤੇ ਸਟੀਲ ਵਰਤੋਂ ਵਿਚ ਲਿਆਂਦਾ ਗਿਆ।

ਕਲਾ ਦੀ ਸਿੱਖਿਆ ਲੈਂਦਿਆਂ ਇੰਝ ਜਾਪਿਆ ਜਿਵੇਂ ਕਿ ਮੈਂ ਹੁਣ ਆਪਣੀ ਦੁਨੀਆਂ ਵਿਚ ਆ ਗਿਆ ਹਾਂ। ਜਦੋਂ ਪੜ੍ਹਾਈ ਤੋਂ ਵਿਹਲ ਮਿਲਣੀ ਤਾਂ ਅਸੀਂ ਝਾੜੀਆਂ 'ਚ ਉੱਗੀਆਂ ਬੇਰੀਆਂ 'ਤੇ ਲੱਗੇ ਨਿੱਕੇ-ਨਿੱਕੇ ਬੇਰ ਤੋੜ ਕੇ ਖਾਣੇ। ਚੜ੍ਹਦੀ ਜਵਾਨੀ, ਮਨਭਾਉਂਦੀ ਖੁੱਲ੍ਹ ਅਤੇ ਕਲਾ ਦੇ ਮਾਧਿਅਮ ਰਾਹੀਂ ਇਸ ਦਾ ਪ੍ਰਗਟਾਵਾ ਆਨੰਦਮਈ ਸੀ।

ਚੰਡੀਗੜ੍ਹ ਮਿਊਜ਼ੀਅਮ ਦੀ ਉਸਾਰੀ ਵੀ ਹੋ ਰਹੀ ਸੀ ਜੋ 1962 'ਚ ਚੀਨ ਵੱਲੋਂ ਭਾਰਤ 'ਤੇ ਕੀਤੇ ਹਮਲੇ ਦੌਰਾਨ ਰੋਕ ਦਿੱਤੀ ਗਈ ਸੀ। ਕਈ ਵਾਰ ਜ਼ਹਿਰੀਲੇ ਸੱਪ ਵੀ ਘੁੰਮਦੇ ਦਿਖਾਈ ਦਿੰਦੇ ਸਨ। ਆਰਟ ਸਕੂਲ 'ਚ ਸਿੱਖਿਆ ਹਾਸਲ ਕਰਦਿਆਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਦਿਨ ਚੜ੍ਹਿਆ ਹੈ ਤੇ ਕਿਹੜੇ ਵੇਲੇ ਢਲ ਗਿਆ। ਕਲਾ ਨਾਲ ਪਈ ਸਾਂਝ ਤੇ ਇਸ ਤੋਂ ਉਤਪੰਨ ਹੋਏ ਚਿੰਤਨ ਨੇ ਮੇਰੇ ਕੁਦਰਤ ਤੇ ਇਸ ਵਿਚ ਪਣਪ ਰਹੇ ਜੀਵਨ ਪ੍ਰਤੀ ਨਜ਼ਰੀਏ ਨੂੰ ਬਦਲ ਦਿੱਤਾ।

ਹੁਣ ਮੈਂ ਵੇਖਣ ਦੇ ਨਾਲ ਨਾਲ ਇਸ ਨਾਲ ਸੰਵਾਦ ਵੀ ਰਚਾਉਂਦਾ। ਇਸੇ ਅਨੁਭਵ ਨੂੰ ਫਿਰ ਮੈਂ ਲਕੀਰਦਾ ਤੇ ਉਸ ਵਿਚ ਰੰਗ ਭਰਦਾ।

ਸਿਰਜਣਾਤਮਕਤਾ ਦੇ ਪਲਾਂ 'ਚ ਮਿਲੇ ਸੁਹਜਾਤਮਕ ਆਨੰਦ ਵਿਚ ਹੀ ਮੈਨੂੰ ਕਲਾਕਾਰ ਪ੍ਰੇਮ ਸਿੰਘ ਲੱਭਿਆ। ਕਲਾ ਦੇ ਸਫ਼ਰ 'ਚ ਛੁਪੇ ਸੰਘਰਸ਼ ਦਾ ਮੈਨੂੰ ਹਾਲੈਂਡ ਦੇ ਕਲਾਕਾਰ ਵਾਨ ਗੌਗ (1853-1890) ਬਾਰੇ ਪੜ੍ਹ ਕੇ ਪਤਾ ਲੱਗਾ।

ਸੁਸ਼ੀਲ ਸਰਕਾਰ ਆਰਟ ਸਕੂਲ ਦਾ ਪ੍ਰਿੰਸੀਪਲ ਸੀ। ਵਾਸ਼ ਪੇਂਟਿੰਗ 'ਚ ਉਸ ਨੂੰ ਚੰਗੀ ਮੁਹਾਰਤ ਹਾਸਲ ਸੀ। ਆਧੁਨਿਕ ਕਲਾ ਦਾ ਵੀ ਉਸ ਨੂੰ ਚਾਅ ਸੀ। ਜਿਨ੍ਹਾਂ ਅਧਿਆਪਕਾਂ ਨਾਲ ਮੇਰੀ ਨੇੜਤਾ ਹੋਈ ਉਹ ਸਨ ਕੰਵਲ ਨੈਣ, ਬਲਦੇਵ ਰਾਜ ਰਤਨ ਅਤੇ ਸੁਨੀਰਮੱਲ ਚੈਟਰਜੀ। ਇਨ੍ਹਾਂ ਦੀ ਅਗਵਾਈ ਵਿਚ ਬਹੁਤ ਕੁਝ ਸਿੱਖਣ ਲਈ ਮਿਲਿਆ। ਕੰਵਲ ਨੈਣ ਤੋਂ ਦੇਖਣਾ, ਬਲਦੇਵ ਰਾਜ ਰਤਨ ਤੋਂ ਤਕਨੀਕੀ ਪੱਖ ਤੇ ਸੁਨੀਰਮੱਲ ਚੈਟਰਜੀ ਨੇ ਆਧੁਨਿਕ ਸੰਵੇਦਨਸ਼ੀਲਤਾ ਦਾ ਅਹਿਸਾਸ ਕਰਵਾਇਆ।

ਰਾਜਧਾਨੀ ਤੇਜ਼ੀ ਨਾਲ ਉਸਰ ਰਹੀ ਸੀ। ਸ਼ਹਿਰ ਵਿਚ ਨਾ ਕੋਈ ਗੈਲਰੀ ਸੀ ਤੇ ਹੀ ਕੋਈ ਅਜਾਇਬਘਰ। ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਜਾਂ ਟੈਗੋਰ ਥੀਏਟਰ 'ਚ ਕਲਾ ਦੀਆਂ ਵਿਰਲੀਆਂ-ਟਾਵੀਆਂ ਨੁਮਾਇਸ਼ਾਂ ਹੁੰਦੀਆਂ ਸਨ। ਸੁਖਨਾ ਝੀਲ ਸੀ ਜਿੱਥੇ ਲੋਕ ਘੁੰਮਦੇ-ਫਿਰਦੇ ਨਜ਼ਰ ਆਉਂਦੇ ਸਨ। ਸੂਰਜ ਡੁੱਬਣ ਮਗਰੋਂ ਹੁੰਦਾ ਹਨੇਰਾ ਡਰਾਉਣਾ ਹੁੰਦਾ ਸੀ। ਰਾਤ ਅੱਠ ਵਜੇ ਤੋਂ ਬਾਅਦ ਸੜਕ 'ਤੇ ਵਿਰਲਾ ਹੀ ਕੋਈ ਮਿਲਦਾ ਸੀ। ਇਹ ਚੁੱਪ ਮਾਰੂ ਸੀ। ਕਾਰਾਂ ਇੰਨੀਆਂ ਨਹੀਂ ਸਨ। ਬੱਚਿਆਂ ਦੇ ਖੇਡਣ ਤੇ ਵੱਡਿਆਂ ਦੇ ਸੈਰ ਕਰਨ ਲਈ ਥਾਂ ਹੀ ਥਾਂ ਸੀ।

ਸ਼ਹਿਰ ਦੀ ਯੋਜਨਾਬੰਦੀ ਅਤੇ ਇਮਾਰਤਸਾਜ਼ੀ ਭਾਰਤੀ ਪਰੰਪਰਾ ਨਾਲੋਂ ਹਟ ਕੇ ਸੀ। ਸਮਾਜ ਦੇ ਹਰ ਵਰਗ ਲਈ ਬਣਾਏ ਘਰਾਂ ਵਿਚ ਵੇਲ-ਬੂਟੇ ਲਗਾਉਣ ਲਈ ਥਾਂ ਸੀ। ਜਗ੍ਹਾ ਦੀ ਵੰਡ ਸਾਂਝੀ ਵੀ ਸੀ ਤੇ ਵਿਅਕਤੀਗਤ ਵੀ। ਪਾਣੀ ਚੌਵੀ ਘੰਟੇ ਮਿਲਦਾ ਸੀ। ਸ਼ਹਿਰ 'ਚ ਨਿਕਲ ਕੇ ਥੋੜ੍ਹੀ ਦੂਰੀ 'ਤੇ ਖੇਤ ਸ਼ੁਰੂ ਹੋ ਜਾਂਦੇ ਸਨ। ਜਿਉਂ ਹੀ ਸਕੱਤਰੇਤ, ਵਿਧਾਨ ਸਭਾ ਅਤੇ ਹਾਈਕੋਰਟ ਦੀਆਂ ਇਮਾਰਤਾਂ ਦੁਨੀਆਂ ਦੀ ਨਜ਼ਰ ਵਿਚ ਆਈਆਂ, ਸ਼ਹਿਰ ਚੰਡੀਗੜ੍ਹ ਦੀ ਵਾਹ-ਵਾਹ ਹੋਣ ਲੱਗੀ।

ਲੋਕਤੰਤਰ ਦੇ ਤਿੰਨ ਥੰਮ ਹਾਈਕੋਰਟ (1955), ਸਕੱਤਰੇਤ (1958) ਅਤੇ ਵਿਧਾਨ ਸਭਾ (1961) ਇਮਾਰਤਸਾਜ਼ੀ ਦੇ ਇਤਿਹਾਸ ਵਿਚ ਚਾਨਣ ਮੁਨਾਰੇ ਹਨ। ਵੰਡ 'ਚ ਗੁਆਚੀ ਪੰਜਾਬ ਦੀ ਰਾਜਧਾਨੀ ਲਾਹੌਰ ਦਾ ਉਦਰੇਵਾਂ ਸੀ ਅਤੇ ਨਾਲ ਹੀ ਉਸਰ ਰਹੀ ਰਾਜਧਾਨੀ ਨੂੰ ਵੇਖਣ ਦੀ ਖ਼ੁਸ਼ੀ ਤੇ ਉਤਸ਼ਾਹ ਵੀ। ਲਾਹੌਰ ਦਾ ਪਾਕਿਸਤਾਨ ਦੇ ਹਿੱਸੇ ਆਉਣਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਇਕ ਵੱਡਾ ਝਟਕਾ ਸੀ। ਈ. ਵਰਗੀਆਂ ਖ਼ਬਰ ਏਜੰਸੀਆਂ ਦੀ ਚੰਗੀ ਪੁੱਛ ਸੀ।

ਜਿਵੇਂ ਅਸੀਂ ਵੇਖਦੇ ਆਏ ਹਾਂ ਕਿ ਪੁਰਾਣੇ ਸ਼ਹਿਰਾਂ 'ਚ ਬਰੋਟਾ, ਇਮਲੀ, ਨਿੰਮ, ਮੰਦਿਰ, ਮਸੀਤ ਅਤੇ ਗੁਰਦੁਆਰੇ ਆਦਿ ਗਲੀ-ਮੁਹੱਲਿਆਂ ਦੀ ਪਹਿਚਾਣ ਸਨ। ਚੰਡੀਗੜ੍ਹ ਵਿਚ ਘਰਾਂ ਨੂੰ ਸਮਾਜ ਦੇ ਵਰਗ ਦੀ ਪਹਿਚਾਣ 'ਕੋਡ' ਦੇ ਕੇ ਵੰਡੀ ਗਈ ਜਾਂ ਫਿਰ 5/10 ਮਰਲੇ, ਕਨਾਲ, ਦੋ ਕਨਾਲ, ਚਾਰ ਕਨਾਲ ਕਰਕੇ ਘਰਾਂ ਦੀ ਪਛਾਣ ਕੀਤੀ ਜਾਂਦੀ ਹੈ। ਡਿਜ਼ਾਈਨ ਇਕੋ ਜਿਹੇ ਹੋਣ ਕਰਕੇ ਕਈ ਵਾਰੀ ਨੰਬਰ ਭੁੱਲਣ 'ਤੇ ਆਪਣਾ ਘਰ ਪਛਾਨਣ ਵਿਚ ਵੀ ਔਖ ਹੁੰਦੀ ਸੀ। ਜੇ ਤੁਸੀਂ ਅੱਧੀ ਰਾਤੀਂ ਕਿਸੇ ਦੇ ਘਰ ਜਾਣਾ ਹੈ ਤੇ ਤੁਹਾਨੂੰ ਨੰਬਰ ਭੁੱਲ ਗਿਆ, ਬਸ ਫਿਰ ਰੱਬ ਹੀ ਰਾਖਾ ਸੀ। ਸ਼ਹਿਰ ਦੇ ਨਾਲ ਨਾਲ ਮੈਂ ਵੀ ਜਵਾਨ ਹੋ ਰਿਹਾ ਸਾਂ। ਮੁੜ ਸੁਰਜੀਤ ਹੋਏ ਪੰਜਾਬ ਦਾ ਸੁਪਨਾ 'ਚੰਡੀਗੜ੍ਹ' ਆਧੁਨਿਕ ਭਾਰਤ ਦਾ ਪ੍ਰਤੀਕ ਬਣ ਕੇ ਉੱਭਰ ਰਿਹਾ ਸੀ।

**ਲੇਖਕ ਪੰਜਾਬੀ ਟ੍ਰਿਬਿਊਨ ਦੇ ਕਾਲਮਲਿਸਟ ਹਨ**







## ਪਾਣੀਆਂ ਦੇ ਮੋਰਚੇ 'ਚ ਪਹੁੰਚੇ ਵੱਡੇ ਜਨ ਸੈਲਾਬ ਨੇ ਪਾਣੀਆਂ ਦੀ ਰਾਖੀ ਦਾ ਲਿਆ ਅਹਿਦ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪੰਜਾਬ ਦੇ ਦਰਿਆਈ ਪਾਣੀਆਂ ਦੇ ਰਿਪੇਰੀਅਨ ਅਤੇ ਸੰਵਿਧਾਨਕ ਹੱਕਾਂ ਅਤੇ ਜੌੜੀਆਂ ਨਹਿਰਾਂ ਰਾਜਸਥਾਨ ਕਨਾਲ ਅਤੇ ਸਰਹਿੰਦ ਫੀਡਰ ਦੇ ਕੰਨਕਰੀਟੀਕਰਨ ਵਿਰੁੱਧ ਮਿਸਲ ਸਤਲੁਜ ਅਤੇ ਨੌਜਵਾਨ ਆਗੂ ਲਖਵੀਰ ਸਿੰਘ ਲੱਖਾ ਸਿਧਾਣਾ ਦੇ ਸਾਂਝੇ ਯਤਨਾਂ ਨਾਲ 15 ਮਾਰਚ ਤੋਂ ਜੌੜੀਆਂ ਨਹਿਰਾਂ ਘੱਲ ਖ਼ੁਰਦ ਵਿਖੇ ਚੱਲ ਰਹੇ ਪੱਕੇ ਮੋਰਚੇ 'ਚ ਭਰਵਾਂ ਇਕੱਠ ਹੋਇਆ।

ਮੋਰਚੇ ਦੇ ਆਗੂਆਂ ਵਲੋਂ 5 ਅਪ੍ਰੈਲ ਨੂੰ ਵੱਡਾ ਇਕੱਠ ਕਰਨ ਦੀ ਲੋਕਾਂ ਨੂੰ ਕੀਤੀ ਅਪੀਲ 'ਤੇ ਫੁੱਲ ਚੜ੍ਹਾਉਂਦਿਆਂ ਇਲਾਕਾ ਨਿਵਾਸੀਆਂ ਨੇ ਪਾਣੀਆਂ ਦੀ ਰਾਖੀ ਲਈ ਵੱਡੀ ਇਕੱਤਰਤਾ ਕੀਤੀ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਮਿਸਲ ਸਤਲੁਜ ਦੇ ਆਗੂ ਅਜੈਪਾਲ ਸਿੰਘ ਬਰਾੜ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਸਬੰਧੀ ਤਕਨੀਕੀ ਤੇ ਇਤਿਹਾਸਕ ਵੇਰਵੇ ਦਿੰਦਿਆਂ ਕੇਂਦਰ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਹਰ ਖੇਤ, ਹਰ ਘਰ ਅਤੇ ਹਰ ਕਾਰੋਬਾਰ ਨੂੰ ਨਹਿਰੀ ਪਾਣੀ ਜ਼ਰੂਰਤ ਮੁਤਾਬਿਕ ਮੁਹੱਈਆ ਕਰਵਾਇਆ ਜਾਵੇ। ਲੱਖਾ ਸਿਧਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀਓ ਅੱਜ ਲੋੜ ਹੈ ਕਿ ਜਵਾਨੀ ਤੇ ਕਿਸਾਨੀ ਨੂੰ ਬਚਾਈਏ।

# IPL spectator shows "Sikh Prisoners Release" poster -detained by police

During an IPL match between Punjab Kings (PK) and Kolkata Knight Riders (KKR), a man named Hardeep Singh was detained by Mohali police for flaunting a T-shirt with the words 'Free Sikh Prisoners' written on it. Despite a three-tier security system in place, the man managed to enter the stadium with the T-shirt, raising questions about the effectiveness of the security arrangements.

Balwinder Singh, spokesperson of 'Quami Insaaf Morcha', claimed that Hardeep Singh was released by the district police on the same day of his detention.

Seven youths were also detained during the match, but all of them were released later without any charges.




Before the match, 'Quami Insaaf Morcha' held a protest near the Mohali stadium to demand the release of 'Bandi Singhs', a term used for Sikh prisoners. The incident at the match further drew attention to their cause.

**Courtesy: livemint.com**

# Resolution in US House to designate April 14 as National Sikh Day

A bipartisan group of lawmakers has introduced a resolution in the US House of Representatives to designate April 14 as National Sikh Day in a bid to honour and celebrate the important role played by the Sikh community in strengthening and inspiring the people of the United States

Observing that the US is enriched by the diversity of its residents, who have cultivated a climate of social tolerance and intellectual pluralism that has sustained the Nation throughout its history, the resolution said that Vaisakhi is a special occasion in which Sikhs remember the founding in 1699 of the Order of Khalsa, which played an important role in shaping the religion's history and identity.

Introduced by Congresswoman Mary Gay Scanlon, the resolution says that through leading charitable events, the Sikh community embodies the sense of public service that underlies the founding principles of the US.

**Courtesy: hindustantimes.com**

# Rs 6,000 crore earmarked for national highways in Punjab, Parliament told

An amount of Rs 13,281.03 crore has been spent on land acquisition for the development and maintenance of national highways in Punjab by the NHAI in the past five years and Rs 6,036.90 crore has been earmarked for further land acquisition for the purpose, Parliament was informed on Wednesday.

**Rs 13,281.03 cr spent on land acquisition for national highways in Punjab in five years | 11,025 vehicles (7,750 private & 3,275 govt) scrapped in country till March 31**

In a written reply to the Rajya Sabha, Road Transport and Highways Minister Nitin Gadkari said 11,025 vehicles (7,750 private and 3,275 government vehicles) had been scrapped till March 31 this year by registered vehicle scrapping facilities. He said 24 states/UTs had reported 2,56,935 government-owned vehicles older than 15 years. Gadkari said the NHAI had proposed a cashless treatment facility on all four arms of the Golden Quadrilateral: Delhi-Mumbai, Mumbai-Chennai, Chennai-Kolkata and Kolkata-Delhi.

**Courtesy: tribuneindia.com**

# Baldev Singh named among top 51 Sikh Business Leaders in India



Baldev Singh Raina, a prominent businessman from the Kashmir Valley, was named one of India's top 51 Sikh business leaders in the book 'Sikh Business Leaders Of India,' written by an administrative officer at Punjabi University, Patiala.

The book, published by the Outlook Group, highlights the accomplishments and contributions of the 51 business personalities from the Sikh community.

As per the statement, Raina, who is Chairman, Peaks Group of Companies, received another feather in his cap, as he is named among the top 51 Sikh Business Leaders of India. Hailing from the Rafiabad area of the Baramulla district, Raina has achieved huge success in business due to his untiring efforts and hard work.

**Courtesy: greaterkashmir.com**

# Train for Sikh pilgrims flagged off

State tourism and culture minister Jaiveer Singh and agricultural minister Baldev Singh Aulakh flagged off On Wednesday IRCTC's Bharat Guarav express train for 'Guru Kirpa Yatra', taking pilgrims to five sacred 'Takht' sites associated with Sikh religion and other prominent gurdwaras in India that are of special significance. The train with capacity of 678 passengers including 576 berths in sleeper class left Lucknow junction at 4.30 pm. Guru Kirpa Yatra will culminate on April 15 after 10 night and 11 days tour covering Anandpur Sahib (Sri Kesgarh Sahib Gurdwara and Virasat-e-khalsa, Kiratpur Sahib (Gurdwara Sri Patalpuri Sahib), Sirhind (Gurdwara Sri Fatehgarh Sahib), Amritsar (Sri Akal Takht and Golden Temple), Bhatinda (Sri Damdama Sahib), Nanded (Takht Sachkhand Sri Hazur Sahib), Bidar (Gurdwara Sri Guru Nanak Jhira Sahib) and Patna (Gurdwara Sri Harmandirji Sahib).

**Courtesy: timesofindia.com**

## ਸੁਰਖੀਆਂ...

**ਸ੍ਰੀ ਹੇਮਕੁੰਟ ਸਾਹਿਬ ਦੀ ੨੦ ਮਈ ਤੋਂ ਸ਼ੁਰੂ ਹੋਵੇਗੀ ਯਾਤਰਾ**

**ਅੰਮ੍ਰਿਤਸਰ ਵਿਖੇ ਸ਼ੇਰ-ਏ-ਪੰਜਾਬ ਵਲੋਂ ਉਸਾਰੀ ਸੁਰੱਖਿਆ ਕੰਧ ਦਾ ਕੁਝ ਹਿੱਸਾ ਅਜੇ ਵੀ ਮੌਜੂਦ**

**ਜੇਲ੍ਹ ਤੋਂ ਰਿਹਾਅ ਹੁੰਦਿਆਂ ਹੀ ਸਿੱਧੂ ਨੇ ਵਿਖਾਏ ਤਿੱਖੇ ਤੇਵਰ ਕੇਂਦਰ ਤੇ ਸੂਬਾ ਸਰਕਾਰ ਨੂੰ ਲਿਆ ਆੜੇ ਹੱਥੀਂ**

**ਹਾਅ ਦਾ ਨਾਅਰਾ ਮਾਰਨ ਵਾਲੇ ਸ਼ੇਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਦੇ ਵੰਸ਼ਜ ਦੀ ਆਖ਼ਰੀ ਬੇਗਮ ਮੁਨਵਰ ਉਲ ਨਿਸ਼ਾ ਦਾ ਸ਼੍ਰੋਮਣੀ ਕਮੇਟੀ ਤੇ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਵਲੋਂ ਸਨਮਾਨ**

**ਕੌਮੀ ਇਨਸਾਫ਼ ਮੋਰਚੇ ਵਲੋਂ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਤੇਜ਼**

**ਅੰਮ੍ਰਿਤਸਰ ਵਿੱਚ ਗੁਰੂ ਰਾਮਦਾਸ ਜੀ ਦੇ ਨਾਂਅ 'ਤੇ ਲਗਾਏ ਰਾਮ ਬਾਗ਼ ਨੂੰ ਦਿੱਤਾ 'ਕੰਪਨੀ ਬਾਗ਼' ਦਾ ਨਾਂਅ**

**'ਪੰਜਾਬ ਭਰ ਵਿੱਚ ਮੀਂਹ ਤੇ ਹਨੇਰੀ ਨਾਲ ਕਣਕ ਦਾ ਭਾਰੀ ਨੁਕਸਾਨ**

**ਬਾਲੀਵੁੱਡ ਅਦਾਕਾਰਾ ਦੀਪਤੀ ਨਵਲ ਦਾ ਜੱਦੀ ਪਿੰਡ ਜਲਾਲਾਬਾਦ ਪੁੱਜਣ 'ਤੇ ਨਿੱਘਾ ਸਵਾਗਤ**

**ਪੰਤੇਕੋਸਟਲ ਕ੍ਰਿਸ਼ਚੀਅਨ ਪ੍ਰਬੰਧਕ ਕਮੇਟੀ ਵਲੋਂ 'ਯੂਨਾਈਟਿਡ ਪੰਜਾਬ ਪਾਰਟੀ' ਦਾ ਗਠਨ**

# ਕੀ ਪੰਜਾਬ ਤੋਂ ਬੀਬੀਐੱਮਬੀ ਦੀ ਪ੍ਰਧਾਨਗੀ ਖੁੱਸ ਜਾਵੇਗੀ ?

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਦੇ ਸਮੁੱਚੇ ਪ੍ਰਬੰਧਨ 'ਚੋਂ ਹੁਣ ਪੰਜਾਬ ਦਾ ਪੱਕੇ ਤੌਰ 'ਤੇ ਆਊਟ ਹੋਣਾ ਤੈਅ ਜਾਪਦਾ ਹੈ। ਸਿਆਸੀ ਰੌਲੇ-ਰੱਪੇ ਦੇ ਬਾਵਜੂਦ ਕੇਂਦਰ ਸਰਕਾਰ ਨੇ ਚੇਅਰਮੈਨੀ ਲਈ ਤੈਅ ਯੋਗਤਾ ਤੇ ਸ਼ਰਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ। ਕੇਂਦਰੀ ਬਿਜਲੀ ਮੰਤਰਾਲੇ ਨੇ ਬੀਬੀਐੱਮਬੀ ਦਾ ਨਵਾਂ ਚੇਅਰਮੈਨ ਲਾਉਣ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਚਾਹਵਾਨਾਂ ਨੇ 21 ਮਾਰਚ ਤੱਕ ਆਪਣੇ ਵੇਰਵੇ ਭੇਜ ਦਿੱਤੇ ਹਨ। ਬੀਬੀਐੱਮਬੀ 'ਚ ਪਹਿਲਾਂ ਪੰਜਾਬ ਮੈਂਬਰ (ਪਾਵਰ) ਵਜੋਂ ਪੱਕਾ ਮੈਂਬਰ ਹੁੰਦਾ ਸੀ ਅਤੇ ਮੈਂਬਰ (ਸਿੰਚਾਈ) ਵਜੋਂ ਹਰਿਆਣਾ ਦੀ ਸਥਾਈ ਪ੍ਰਤੀਨਿਧਤਾ ਹੁੰਦੀ ਸੀ। ਇਨ੍ਹਾਂ ਦੋਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਇਹ ਦੋਵੇਂ ਅਹੁਦੇ ਇਸ ਵੇਲੇ ਖ਼ਾਲੀ ਹਨ।

## ਸ੍ਰੀ ਹੇਮਕੁੰਟ ਸਾਹਿਬ ਦੀ 20 ਮਈ ਤੋਂ ਸ਼ੁਰੂ ਹੋਵੇਗੀ ਯਾਤਰਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਉੱਤਰਾਖੰਡ 'ਚ ਹਿਮਾਲਿਆ ਦੀਆਂ ਖ਼ੂਬਸੂਰਤ ਪਹਾੜੀਆਂ 'ਚ ਸੁਸ਼ੋਭਿਤ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 20 ਮਈ ਨੂੰ ਆਰੰਭ ਹੋਵੇਗੀ। ਇਸ ਸੰਬੰਧੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਮੁੱਖ ਸਕੱਤਰ ਉੱਤਰਾਖੰਡ ਸਰਕਾਰ ਡਾ. ਐੱਸ. ਐੱਸ. ਸੰਧੂ ਨਾਲ ਮੁਲਾਕਾਤ ਕਰਨ ਉਪਰੰਤ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਟਰੱਸਟ ਵਲੋਂ ਉੱਤਰਾਖੰਡ ਸਰਕਾਰ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਜਾ ਰਹੀ ਯਾਤਰਾ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਕੀਤੀ ਗਈ।

## ਨਿਓਸ ਏਅਰਲਾਈਨ ਵਲੋਂ ਅੰਮ੍ਰਿਤਸਰ-ਮਿਲਾਨ-ਕੈਨੇਡਾ ਵਿਚਾਲੇ ਉਡਾਣ ਸ਼ੁਰੂ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਕੈਨੇਡਾ ਅਤੇ ਅਮਰੀਕਾ ਵਿਚ ਵਸਦੇ ਪ੍ਰਵਾਸੀ ਪੰਜਾਬੀ ਜਿਹੜੇ ਹਰ ਸਾਲ ਵੱਡੀ ਗਿਣਤੀ ਵਿਚ ਪੰਜਾਬ ਆਉਂਦੇ ਹਨ ਉਨ੍ਹਾਂ ਲਈ ਹਵਾਈ ਸਫ਼ਰ ਸੁਖਾਲਾ ਹੋਣਾ ਸ਼ੁਰੂ ਹੋ ਗਿਆ ਹੈ। ਇਟਾਲੀਅਨ ਨਿਓਸ ਏਅਰਲਾਈਨਜ਼ ਵਲੋਂ ਅੰਮ੍ਰਿਤਸਰ ਤੋਂ ਮਿਲਾਨ-ਕੈਨੇਡਾ ਦੇ ਟਰਾਂਟੋ ਅਤੇ ਅਮਰੀਕਾ ਦੇ ਨਿਊਯਾਰਕ ਤੱਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਵਿਚਾਲੇ ਉਡਾਣ ਸ਼ੁਰੂ ਕਰ ਦਿੱਤੀ ਗਈ ਹੈ। ਇਸ ਨਵੀਂ ਸ਼ੁਰੂ ਹੋਈ ਉਡਾਣ ਨਾਲ ਅੰਮ੍ਰਿਤਸਰ ਤੋਂ ਟਰਾਂਟੋ ਜਾਣ ਵਾਲੇ ਯਾਤਰੀਆਂ ਨੂੰ ਰਾਹਤ ਮਿਲੇਗੀ। ਇਹ ਉਡਾਣ ਹਫਤੇ ਵਿਚ ਦੋ ਦਿਨ ਉਡਾਣ ਭਰੇਗੀ।

## ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ-ਸ਼ਤਾਬਦੀ- ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਵਲੋਂ ਮਨਾਏ ਜਾਣਗੇ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਤ੍ਰੈ-ਸ਼ਤਾਬਦੀ, ਜੋ ਸਿੱਖ ਪੰਥ ਅਤੇ ਸਮੁੱਚੇ ਰਾਮਗੜ੍ਹੀਆ ਭਾਈਚਾਰੇ ਵਲੋਂ 5 ਮਈ ਨੂੰ ਮਨਾਈ ਜਾ ਰਹੀ ਹੈ, ਸੰਬੰਧੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਖੋ-ਵੱਖਰੇ ਪ੍ਰੋਗਰਾਮ ਉਲੀਕੇ ਗਏ ਹਨ। ਅਜਿਹਾ ਪਹਿਲੀ ਵਾਰ ਹੋਵੇਗਾ ਕਿ ਦਿੱਲੀ ਕਮੇਟੀ ਤੇ ਦਿੱਲੀ ਦੀਆਂ ਸੰਗਤਾਂ ਵਲੋਂ ਇਸ ਸੰਬੰਧੀ 6 ਅਪ੍ਰੈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਤੱਕ ਦੇ ਦਿਨਾ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵਲੋਂ ਇਸੇ ਸਿੱਖ ਜਰਨੈਲ ਦੀ ਜਨਮ ਤ੍ਰੈ-ਸ਼ਤਾਬਦੀ ਨੂੰ ਸਮਰਪਿਤ ਖ਼ਾਲਸਾ ਫਤਹਿ ਮਾਰਚ 16 ਅਪ੍ਰੈਲ ਤੋਂ ਦਿੱਲੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

## ਸ਼੍ਰੋਮਣੀ ਕਮੇਟੀ ਦਾ 11 ਅਰਬ 38 ਕਰੋੜ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ 'ਚ ਪਾਸ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸਾਲਾਨਾ ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸੰਬੰਧਿਤ ਸਮੂਹ ਗੁਰਦੁਆਰਾ ਸਾਹਿਬਾਨ ਤੇ ਹੋਰਨਾਂ ਅਦਾਰਿਆਂ ਦਾ ਵਿੱਤੀ ਸਾਲ 2023-24 ਲਈ 11 ਅਰਬ, 38 ਕਰੋੜ, 14 ਲੱਖ 54 ਹਜ਼ਾਰ ਰੁਪਏ ਦਾ ਅਨੁਮਾਨਿਤ ਬਜਟ ਪਾਸ ਕੀਤਾ ਗਿਆ। ਪ੍ਰਧਾਨ ਨੇ ਕਿਹਾ ਕਿ ਗੁਰਮਤਿ ਪ੍ਰਚਾਰ, ਸਿੱਖਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਲਈ ਤਿਆਰ ਕਰਨਾ ਤੇ ਵਿਦੇਸ਼ਾਂ 'ਚ ਕੇਂਦਰ ਖੋਲ੍ਹਣੇ ਭਵਿੱਖੀ ਏਜੰਡਾ ਹੈ। ਪਹਿਲੀ ਵਾਰ ਹਰਿਆਣਾ ਦੇ ਗੁਰਦੁਆਰਿਆਂ ਲਈ ਰੱਖਿਆ ਗਿਆ 57 ਕਰੋੜ 11 ਲੱਖ ਰੁਪਏ ਦਾ ਵੱਖਰਾ ਬਜਟ। ਸ੍ਰੀ ਹਰਿਮੰਦਰ ਸਾਹਿਬ ਲਈ ਰੱਖੇ 3.70 ਅਰਬ ਰੁਪਏ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਲਈ ਰੱਖੇ 70 ਕਰੋੜ। ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਲਈ ਰੱਖੇ 47.60 ਕਰੋੜ। ਧਰਮ ਪ੍ਰਚਾਰ ਕਮੇਟੀ ਲਈ ਰੱਖੇ 90 ਕਰੋੜ।

## ਸ਼ੇਰ-ਏ-ਪੰਜਾਬ ਵਲੋਂ ਅੰਮ੍ਰਿਤਸਰ 'ਚ ਆਬਾਦ ਕੀਤੇ ਕਸ਼ਮੀਰੀ ਪਰਿਵਾਰ 190 ਵਰ੍ਹਿਆਂ ਬਾਅਦ ਹੋਏ ਰੁਖ਼ਸਤ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸੰਨ 1833 'ਚ ਕਸ਼ਮੀਰ ਵਿਚ ਕਾਲ ਪੈਣ 'ਤੇ ਜਿਨ੍ਹਾਂ ਮੁਸਲਿਮ ਕਸ਼ਮੀਰੀ ਪਰਿਵਾਰਾਂ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ 'ਚ ਲਿਆ ਕੇ ਵਸਾਇਆ ਸੀ, ਉਹ 190 ਵਰ੍ਹਿਆਂ ਬਾਅਦ ਇਸ ਸ਼ਹਿਰ ਨੂੰ ਅਲਵਿਦਾ ਕਹਿ ਕੇ ਵਾਪਸ ਆਪਣੇ ਜੱਦੀ ਇਲਾਕਿਆਂ ਵੱਲ ਪਰਤ ਗਏ। ਦੱਸਿਆ ਜਾਂਦਾ ਹੈ ਕਿ ਸਿੱਖ ਰਾਜ ਵੇਲੇ ਉਕਤ ਪਰਿਵਾਰ ਕਸ਼ਮੀਰ ਨੂੰ ਛੱਡਣ ਲੱਗਿਆਂ ਆਪਣੀ ਕਾਰੀਗਰੀ, ਕਲਾ ਤੇ ਲੋੜੀਂਦੇ ਸੰਦ ਵੀ ਨਾਲ ਲੈ ਆਏ ਸਨ। ਉਨ੍ਹਾਂ ਨੇ ਅੰਮ੍ਰਿਤਸਰ 'ਚ ਪਸ਼ਮੀਨੇ ਦੇ ਸ਼ਾਲਾਂ 'ਤੇ ਕਢਾਈ ਦਾ ਕੰਮ ਸ਼ੁਰੂ ਕੀਤਾ ਅਤੇ ਵੇਖਦਿਆਂ ਹੀ ਵੇਖਦਿਆਂ ਉਨ੍ਹਾਂ ਦੁਆਰਾ ਪਸ਼ਮੀਨੇ 'ਤੇ ਕੀਤੀ ਕਸ਼ਮੀਰੀ ਦਸਤਕਾਰੀ ਦੇ ਕੰਮ ਦੀ ਮੰਗ ਦੇਸ਼-ਵਿਦੇਸ਼ 'ਚ ਹੋਣ ਲੱਗੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਹ ਉਦਯੋਗ ਐਨਾ ਉੱਨਤ ਹੋਇਆ ਕਿ ਅੰਮ੍ਰਿਸਰ ਤੋਂ ਕਸ਼ਮੀਰੀ ਕਢਾਈ ਦੀਆਂ ਸ਼ਾਲਾਂ ਹੈਦਰਾਬਾਦ, ਕਲਕੱਤਾ, ਲਖਨਊ, ਦਿੱਲੀ, ਰਾਜਸਥਾਨ ਤੇ ਹੋਰ ਵੱਖ-ਵੱਖ ਇਲਾਕਿਆਂ 'ਚ ਭੇਜੀਆਂ ਜਾਣ ਲੱਗੀਆਂ।

ਮੌਜੂਦਾ ਸਮੇਂ ਸਿਰਫ਼ ਇਕ-ਦੋ ਕਸ਼ਮੀਰੀ ਪਰਿਵਾਰ ਹੀ ਇਹ ਕਾਰੋਬਾਰ ਕਰ ਰਹੇ ਹਨ। ਬਾਕੀ ਕਸ਼ਮੀਰੀ ਇਸ ਕਾਰੋਬਾਰ ਅਤੇ ਸ਼ਹਿਰ ਤੋਂ ਰੁਖ਼ਸਤ ਹੁੰਦਿਆਂ ਕਸ਼ਮੀਰ 'ਚ ਆਪਣੇ ਜੱਦੀ ਇਲਾਕਿਆਂ ਵੱਲ ਹਿਜ਼ਰਤ ਕਰ ਚੁੱਕੇ ਹਨ।

## ਅਮਰੀਕੀ ਸੰਸਦ 'ਚ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਪੇਸ਼

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਅਮਰੀਕਾ ਦੇ ਦੋ ਸੰਸਦ ਮੈਂਬਰਾਂ ਨੇ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ (ਨੈਸ਼ਨਲ ਸਿੱਖ ਡੇਅ) ਦੇ ਰੂਪ 'ਚ ਮਨਾਉਣ ਦੇ ਲਈ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰੈਜ਼ੈਂਟਿਵਸ (ਪ੍ਰਤੀਨਿਧੀ ਸਭਾ) 'ਚ ਪ੍ਰਸਤਾਵ ਪੇਸ਼ ਕੀਤਾ ਹੈ। ਅਮਰੀਕਾ 'ਚ ਲੋਕਾਂ ਨੂੰ ਮਜ਼ਬੂਤ ਅਤੇ ਪ੍ਰੇਰਿਤ ਕਰਨ 'ਚ ਸਿੱਖ ਭਾਈਚਾਰੇ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਪ੍ਰਸਤਾਵ 'ਚ ਲਿਖਿਆ ਹੈ ਕਿ 14 ਅਪ੍ਰੈਲ ਨੂੰ ਸਿੱਖ ਵਿਸਾਖੀ ਦੇ ਰੂਪ 'ਚ ਮਨਾਉਂਦੇ ਹਨ।

ਉਹ ਇਸ ਦਿਨ ਨੂੰ ਖਾਲਸਾ ਸਾਜਨਾ ਦਿਵਸ ਦੇ ਰੂਪ 'ਚ ਮਨਾਉਂਦੇ ਹਨ। ਵਿਸਾਖੀ ਧਰਮ ਦੇ ਇਤਿਹਾਸ ਅਤੇ ਸਿੱਖਾਂ ਦੀ ਪਹਿਚਾਨ ਬਣਾਏ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਮਰੀਕੀ ਸੰਸਦ ਮੈਂਬਰ ਮੈਰੀ ਗੇ ਸਕੈਨਲੋਨ ਨੇ ਕਿਹਾ ਕਿ ਅਮਰੀਕਾ ਦੀ ਜਨਤਾ ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਲਈ ਸਿੱਖ ਭਾਈਚਾਰੇ ਦਾ ਸਨਮਾਨ ਕਰਦੀ ਹੈ। ਪ੍ਰਸਤਾਵ 'ਚ ਕਿਹਾ ਗਿਆ ਹੈ ਕਿ ਵਿਸਾਖੀ ਦੇ ਦਿਨ ਸਿੱਖ ਸੰਨ 1699 ਦੇ ਖਾਲਸਾ ਸਾਜਨਾ ਦਿਵਸ ਨੂੰ ਵੀ ਯਾਦ ਕਰਦੇ ਹਨ।

ਇਸੇ ਦਿਨ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰ ਖ਼ਿਲਾਫ਼ ਲੜਨ ਲਈ ਖਾਲਸਾ ਸਾਜਿਆ ਸੀ। ਉਨ੍ਹਾਂ ਕਿਹਾ ਕਿ ਦੁਨੀਆ ਭਰ 'ਚ ਸਿੱਖਾਂ ਦੇ ਨਾਲ ਵਿਸਾਖੀ ਮਨਾਉਣਾ ਅਤੇ ਅਮਰੀਕਾ ਦੇ ਲਈ ਕੀਤੇ ਗਏ ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਪ੍ਰਸਤਾਵ ਉੱਚਿਤ ਹੈ।

## 15 ਸਾਲ ਦੀ ਸਖ਼ਤ ਮਿਹਨਤ ਦੇ ਬਾਵਜੂਦ ਵੀ ਆਸਟ੍ਰੇਲੀਆ ਛੱਡਣ ਦੇ ਹੁਕਮ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਆਸਟ੍ਰੇਲੀਆ ਦੇ ਗੋਲਡ ਕੋਸਟ ਵਿਚ ਰਹਿ ਰਹੇ ਪਰਮਿੰਦਰ ਸਿੰਘ ਨਾਂਅ ਦੇ ਪੰਜਾਬੀ ਨੌਜਵਾਨ ਨੂੰ ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਦੁਆਰਾ 31 ਮਈ ਤੋਂ ਪਹਿਲਾਂ ਪਹਿਲਾਂ ਦੇਸ਼ ਛੱਡਣ ਦੇ ਹੁਕਮ ਜਾਰੀ ਕੀਤੇ ਹਨ। ਗੱਲਬਾਤ ਕਰਦੇ ਹੋਏ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਹ 2008 'ਚ ਪੰਜਾਬ ਦੇ ਰੋਪੜ ਜ਼ਿਲ੍ਹੇ ਤੋਂ ਆਸਟ੍ਰੇਲੀਆ ਵਿਦਿਆਰਥੀ ਵੀਜ਼ੇ 'ਤੇ ਆਇਆ ਸੀ। ਇਸ ਸਮੇਂ ਦੌਰਾਨ ਉਸ ਨੇ ਵੱਖ-ਵੱਖ ਖੇਤਰਾਂ ਦੇ ਵਿਚ ਪੜ੍ਹਾਈ ਕਰਕੇ ਤਜਰਬਾ ਹਾਸਿਲ ਕਰਨ ਤੋਂ ਬਾਅਦ ਆਪਣੇ ਪੱਕੇ ਹੋਣ ਲਈ ਸਮੇਂ ਸਮੇਂ ਉੱਤੇ ਅਰਜ਼ੀਆਂ ਇਮੀਗ੍ਰੇਸ਼ਨ ਵਿਭਾਗ ਨੂੰ ਦਿੱਤੀਆਂ, ਜਿਨ੍ਹਾਂ ਵਿਚ ਖ਼ਾਮੀਆਂ ਕੱਢ ਕੇ ਇੰਮੀਗ੍ਰੇਸ਼ਨ ਵਿਭਾਗ ਦੁਆਰਾ ਉਨ੍ਹਾਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ।

ਪਰਮਿੰਦਰ ਨੇ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਉਹ ਅਤੇ ਉਸ ਦੀ ਪਤਨੀ ਨੇ ਸਖ਼ਤ ਮਿਹਨਤ ਕਰਕੇ ਬਹੁਤ ਸਾਰਾ ਟੈਕਸ ਆਸਟ੍ਰੇਲੀਆ ਸਰਕਾਰ ਦੇ ਖਜ਼ਾਨੇ 'ਚ ਪਾਇਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਰਮਿੰਦਰ ਸਿੰਘ ਦਾ 8 ਸਾਲ ਦਾ ਪੁੱਤਰ ਜੋ ਕਿ ਆਸਟ੍ਰੇਲੀਆ 'ਚ ਜੰਮਿਆ ਹੈ, ਨੂੰ ਸਰਕਾਰ ਨੇ ਪਰਮਿੰਦਰ ਸਿੰਘ ਦੇ ਖਰਚੇ ਉੱਤੇ ਪੜ੍ਹਾਈ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

## ਮੋਦੀ ਨੇ ਸਭ ਤੋਂ ਛੋਟੀ ਉਮਰ ਦੀ ਅੰਗਦਾਨ ਕਰਨ ਵਾਲੀ ਅਬਾਬਤ ਦਾ ਕੀਤਾ ਜ਼ਿਕਰ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ 'ਮਨ ਕੀ ਬਾਤ' ਪ੍ਰੋਗਰਾਮ 'ਚ ਅੰਗਦਾਨ ਕਰਨ ਵਾਲਿਆਂ ਦੀ ਸ਼ਲਾਘਾ ਕਰਦਿਆਂ ਭਾਰਤ ਦੀ ਸਭ ਤੋਂ ਛੋਟੀ ਉਮਰ ਦੀ ਡੋਨਰ ਅਬਾਬਤ ਕੌਰ ਦਾ ਉਚੇਚਾ ਜਿਕਰ ਕੀਤਾ ਅਤੇ ਉਸ ਦੇ ਮਾਤਾ ਪਿਤਾ ਨਾਲ ਫੋਨ 'ਤੇ ਗੱਲ ਵੀ ਕੀਤੀ। ਮੋਦੀ ਨੇ ਕਿਹਾ ਕਿ ਜੋ ਲੋਕ ਮਰਨ ਤੋਂ ਬਾਅਦ ਅੰਗਦਾਨ ਕਰਦੇ ਹਨ ਉਹ ਅੰਗ ਪ੍ਰਾਪਤ ਕਰਨ ਵਾਲਿਆਂ ਲਈ 'ਰੱਬ ਵਰਗੇ' ਹੁੰਦੇ ਹਨ। ਇਸ ਲਈ ਅਜਿਹੀ ਤਰਜੀਹ ਬਹੁਤ ਸਾਰੀਆਂ ਜਾਨਾਂ ਬਚਾਅ ਸਕਦੀ ਹੈ। ਬੱਚੇ ਦੇ ਮਾਂ-ਬਾਪ ਨੇ ਪ੍ਰਧਾਨ ਮੰਤਰੀ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬੱਚੀ ਕਿਸੇ ਦੂਜੇ ਨੂੰ ਹੀ ਜੀਵਨ ਦੇਣ ਲਈ ਧਰਤੀ 'ਤੇ ਆਈ ਸੀ।

## ਚਾਚਾ ਸ਼ਾਹਤੂਤਾਂ ਵਾਲਾ' ਵਜੋਂ ਮਸ਼ਹੂਰ ਹੋਇਆ ਸੁਲੇਮਾਨ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਪਿੰਡਾਂ ਵਿੱਚ ਆਮ ਮਿਲ ਜਾਣ ਵਾਲੇ ਸ਼ਾਹਤੂਤ ਲੁਧਿਆਣਾ ਦੇ 'ਪਾਸ਼' ਇਲਾਕੇ ਵਿੱਚ ਵੇਚ ਕੇ ਮਾਲੇਰਕੋਟਲਾ ਦਾ ਸੁਲੇਮਾਨ ਅੱਜਕਲ੍ਹ 'ਚਾਚਾ ਸ਼ਾਹਤੂਤਾਂ ਵਾਲਾ' ਦੇ ਨਾਮ ਨਾਲ ਮਸ਼ਹੂਰ ਹੋ ਰਿਹਾ ਹੈ।

ਉਹ ਪਿਛਲੇ ਕਰੀਬ 10 ਸਾਲਾਂ ਤੋਂ ਮਲੇਰਕੋਟਲਾ ਤੋਂ ਇੱਥੇ ਸ਼ਾਹਤੂਤ ਵੇਚਣ ਆਉਂਦਾ ਹੈ। ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਾਲੀ ਸੜਕ 'ਤੇ ਸ਼ਾਹਤੂਤ ਲਗਾ ਕੇ ਬੈਠੇ ਸੁਲੇਮਾਨ ਨੇ ਦੱਸਿਆ ਕਿ ਉਹ ਮਲੇਰਕੋਟਲਾ ਤੋਂ ਰੋਜ਼ਾਨਾ ਸ਼ਾਹਤੂਤ ਲਿਆ ਕਿ ਇੱਥੇ ਵੇਚਦਾ ਹੈ।

ਠੰਢੀ ਤਾਸੀਰ ਵਾਲਾ ਇਹ ਫਲ ਮਾਰਚ ਦੇ ਆਖਰੀ ਹਫਤੇ ਤੋਂ ਅਪਰੈਲ ਮਹੀਨੇ ਦੇ ਅਖੀਰ ਤੱਕ ਹੀ ਵੱਧ ਹੁੰਦਾ ਹੈ। ਇਸ ਦੀ ਤਾਸੀਰ ਠੰਢੀ ਹੋਣ ਕਰਕੇ ਗਰਮੀਆਂ ਵਿੱਚ ਇਸ ਨੂੰ ਬਹੁਤ ਲਾਹੇਵੰਦ ਮੰਨਿਆ ਜਾਂਦਾ ਹੈ। ਸੁਲੇਮਾਨ ਨੇ ਦੱਸਿਆ ਕਿ ਉਹ ਹਰ ਸਾਲ ਇੱਥੇ ਸ਼ਾਹਤੂਤ ਵੇਚਣ ਆਉਂਦਾ ਹੈ ਜਿਸ ਕਰਕੇ ਹੁਣ ਤਾਂ ਲੋਕ ਉਸ ਨੂੰ 'ਚਾਚਾ ਸ਼ਾਹਤੂਤਾਂ' ਵਾਲਾ ਆਖਣ ਲੱਗ ਪਏ ਹਨ।

# ਫੇਲ੍ਹ ਨਹੀਂ ਪਾਸ

**ਜਗਰੂਪ ਸਿੰਘ**



ਇਹ ਸਾਲ 1960 ਦੀ ਗੱਲ ਹੈ। ਗਰਮੀਂ ਦੀਆਂ ਛੁੱਟੀਆਂ ਤੋਂ ਕੋਈ ਦੋ ਕੁ ਮਹੀਨੇ ਬਾਅਦ ਮੈਂ ਸਰਕਾਰੀ (ਰਾਜ) ਹਾਈ ਸਕੂਲ ਸੰਗਰੂਰ ਵਿੱਚ ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਇਆ। ਕਲਾਸ ਇੰਚਾਰਜ ਮੇਰੇ ਦਾਖਲੇ ਤੋਂ ਖਫਾ ਸੀ। ਉਸ ਨੂੰ ਖਦਸ਼ਾ ਸੀ ਕਿ ਮੈਂ ਉਸ ਦੇ ਵਿਸ਼ਿਆਂ, ਹਿਸਾਬ ਅਤੇ ਅੰਗਰੇਜ਼ੀ, ਵਿੱਚ ਫੇਲ੍ਹ ਹੋ ਜਾਵਾਂਗਾ। ਮੇਰੀ ਜ਼ਰਾ ਜਿੰਨੀ ਗਲਤੀ 'ਤੇ ਮੇਰੇ ਚਾਰ-ਪੰਜ ਥੱਪੜ ਜੜ ਦਿੱਤੇ ਜਾਂਦੇ। ਕਲਾਸ ਮੇਰੇ 'ਤੇ ਮੁਸਕੜੀਏਂ ਹਸਦੀ।

ਇੱਕ ਦਿਨ ਇਹ ਕਹਿ ਕੇ ਜ਼ਲੀਲ ਵੀ ਕਰ ਦਿੱਤਾ, ''ਪਤਾ ਨੀਂ ਕਿਹੜੀਆਂ ਰੂੜੀਆਂ ਤੋਂ ਉੱਠ ਕੇ ਆ ਜਾਂਦੇ ਨੇ ਪੜ੍ਹਨ ।'' ਉਸ ਦਿਨ ਮੈਂ ਮਾਸਟਰ ਜੀ ਅੱਗੇ ਬੋਲ ਉੱਠਿਆ ਸੀ, ''ਮਾਸਟਰ ਜੀ ਤੁਸੀਂ ਮੈਨੂੰ ਐਵੇਂ ਕੁੱਟਦੇ ਰਹਿੰਦੇ ਹੋ, ਜੇ ਫੇਲ੍ਹ ਹੋ ਗਿਆ ਤਾਂ ਚਮੜੀ ਉਧੇੜ ਦੇਣਾ।'' ਸਣੇ ਮਾਸਟਰ ਜੀ ਸਭ ਹੈਰਾਨ ਸਨ। ਮਾਸਟਰ ਜੀ ਨੇ ਕਦੇ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ ਕਿ ਮੇਰੇ ਹਾਲਾਤ ਕੀ ਸਨ।

ਪਿੰਡ ਦਾ ਸਕੂਲ ਗਰਮੀ ਦੀਆਂ ਛੁੱਟੀਆਂ ਪਿੱਛੋਂ ਖੁੱਲ੍ਹਿਆ ਹੀ ਨਹੀਂ ਸੀ, ਕੋਈ ਸਰਕਾਰੀ ਢੁੱਚਰ ਕਰ ਕੇ ਬੰਦ ਕਰ ਦਿੱਤਾ ਸੀ ਤੇ ਸਾਨੂੰ ਕਿਸੇ ਹੋਰ ਸਕੂਲ ਵਿੱਚ ਪੜ੍ਹਨ ਲਈ ਕਹਿ ਦਿੱਤਾ ਗਿਆ ਸੀ। ਅਸੀਂ ਚਾਰ ਮਹੀਨੇ ਵਿਹਲੇ ਰਹੇ ਸਾਂ। ਮਾਸਟਰ ਜੀ ਮੇਰੇ ਕੱਪੜਿਆਂ ਤੋਂ ਵੀ ਅੰਦਾਜ਼ਾ ਨਾ ਲਾ ਸਕੇ ਕਿ ਮੇਰੇ ਢਿੱਡ ਵਿੱਚ ਸੁੱਕੀ ਰੋਟੀ ਪੈਂਦੀ ਵੀ ਸੀ ਜਾਂ ਨਹੀਂ।

ਕਿਸੇ ਬੱਚੇ ਦੀ ਪ੍ਰਤਿਭਾ ਪਛਾਣਨ ਵਾਲਾ ਤੀਜਾ ਨੇਤਰ ਸ਼ਾਇਦ ਉਨ੍ਹਾਂ ਕੋਲ ਨਹੀਂ ਸੀ, ਉਂਝ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਉਨ੍ਹਾਂ ਕੋਲੋਂ ਪੜ੍ਹਾ ਕੇ ਹੀ ਰਾਜ਼ੀ ਸਨ, ਕਿਉਂਕਿ ਉਹ 'ਸਖ਼ਤ ਟੀਚਰ' ਕਰਕੇ ਮਸ਼ਹੂਰ ਸਨ। ਬੋਰਡ ਦੇ ਸਲਾਨਾ ਇਮਿਤਹਾਨ ਵਿੱਚ ਮੈਂ ਅੰਗਰੇਜੀ ਵਿਚੋਂ 72 ਫ਼ੀਸਦੀ ਅੰਕ ਪ੍ਰਾਪਤ ਕੀਤੇ।

ਕਾਲਜ ਪੜ੍ਹਦੇ ਸਮੇਂ ਕੁਝ ਦਿਆਨਤਦਾਰ ਪ੍ਰੋਫੈਸਰ ਸਹਿਬਾਨ ਦੀ ਮਿਹਰ ਸਦਕਾ ਪ੍ਰੋਫੈਸਰ ਹੋ ਗਿਆ। ਉਨ੍ਹਾਂ ਦੀ ਹੱਲਾਸ਼ੇਰੀ ਨੇ ਅਹਿਸਾਸ ਕਰਵਾ ਦਿੱਤਾ ਸੀ ਕਿ ਕਿਸੇ ਦੀ ਤਕਲੀਫ ਦਾ ਪਤਾ ਲੱਗਣ 'ਤੇ ਮੱਦਦ ਕਰਨਾ ਮੇਰਾ ਫ਼ਰਜ਼ ਹੋਵੇਗਾ। ਲੁਧਿਆਣੇ ਦੀ ਇੱਕ ਸੰਸਥਾ ਵਿੱਚ ਤਾਇਨਾਤ ਸਾਂ। 1974 ਦੇ ਸਾਲ ਬੰਗਾਲ ਤੋਂ ਇੱਕ ਵਿਦਿਆਰਥੀ ਨੇ ਦਾਖਲਾ ਲਿਆ। ਫੀਸ ਭਰਨ ਤੋਂ ਬਾਅਦ ਉਸ ਕੋਲ ਸਿਰਫ ਦੋ ਰੁਪਏ ਬਚੇ। ਆਪਣਾ ਭੁੱਖਾ ਪੇਟ ਯਾਦ ਆਇਆ, ਜੀਵਨ-ਸਾਥਣ ਨਾਲ ਸਲਾਹ ਕੀਤੀ। ਉਸ ਨੇ ਕਿਹਾ, ''ਕੱਲ੍ਹ ਤੋਂ ਉਸ ਨੂੰ ਬੁਲਾ ਕੇ ਰੋਟੀ ਖਵਾ ਦਿਆ ਕਰਨਾ, ਦੋ ਫੁਲਕੇ ਹੋਰ ਪਾ ਦਿਆ ਕਰਾਂਗੀ''। ਸਹਿਕਰਮੀ ਮਿਲ ਕੇ ਸਾਲ ਭਰ ਉਸ ਦੇ ਰੋਟੀ, ਕੱਪੜੇ ਅਤੇ ਰਹਿਣ ਦਾ ਇੰਤਜ਼ਾਮ ਕਰਦੇ ਰਹੇ।

ਇਸੇ ਤਰ੍ਹਾਂ ਕਾਮਟੀ (ਨਾਗਪੁਰ ਨੇੜੇ) ਵਿਖੇ ਐਨਸੀਸੀ ਅਫ਼ਸਰ ਦੀ ਟਰੇਨਿੰਗ ਕਰਨ ਦਾ ਮੌਕਾ ਮਿਲਿਆ। ਇੱਕ ਸੈਸ਼ਨ ਦੌਰਾਨ ਮੇਜਰ ਸਾਹਿਬ ਪੁੱਛ ਬੈਠੇ, ''ਅੱਛਾ ਪ੍ਰੋਫੈਸਰ ਕੌਣ ਹੁੰਦਾ ਹੈ?'' ਮੇਰਾ ਜਵਾਬ ਸੀ/ਹੈ ਕਿ ਉਸ ਦੇ ਭਾਸ਼ਣ ਦਾ ਬੌਧਿਕ ਪੱਧਰ ਉਸ ਦੇ ਵਿਦਿਆਰਥੀਆਂ ਦੇ ਸਿਰ ਤੋਂ ਨਹੀਂ ਲੰਘਣਾ ਚਾਹੀਦਾ। ਗੱਲ ਵਿਦਿਆਰਥੀਆਂ ਦੇ ਗਲੇ ਉਤਰਨੀ ਚਾਹੀਦੀ ਹੈ। ਅਧਿਆਪਕ ਕੋਲ ਹਮਦਰਦੀ ਦਾ ਅਤੁੱਟ ਭੰਡਾਰ ਹੋਣਾ ਚਾਹੀਦਾ ਹੈ।

ਕੇਂਦਰ ਸਰਕਾਰ ਦੇ ਅਫਸਰਾਂ ਨੂੰ ਨੌਕਰੀ ਦੌਰਾਨ ਕਾਫੀ ਅਣਕਿਆਸੀਆਂ ਥਾਵਾਂ 'ਤੇ ਵੀ ਜਾਣਾ ਪੈਂਦਾ ਹੈ। ਇੱਕ ਸਮੇਂ ਤਾਇਨਾਤੀ ਗੁਜਰਾਤ ਹੋ ਗਈ। ਇਥੇ ਸਿੱਖਿਆ ਦਾ ਮਾਧਿਅਮ ਗੁਜਰਾਤੀ ਸੀ/ਹੈ। ਕਾਨਵੈਂਟ ਸਕੂਲ ਵਿੱਚ ਹਿੰਦੀ ਤੀਜੀ ਕਲਾਸ ਤੋਂ ਸ਼ੁਰੂ ਕਰਦੇ ਸਨ। 1997 ਵਿੱਚ ਇਥੋਂ ਬਦਲ ਕੇ ਅਸੀਂ ਕਰਨਾਲ (ਹਰਿਆਣਾ) ਆ ਗਏ। ਬੇਟੀ ਨੇ ਚੌਥੀ ਜਮਾਤ ਬੜੌਦਾ (ਗੁਜਰਾਤ) ਵਿਖੇ ਕਾਨਵੈਂਟ ਤੋਂ ਪਾਸ ਕੀਤੀ ਸੀ ਅਤੇ ਹੁਣ ਉਸ ਨੂੰ ਇਥੇ ਪੰਜਵੀਂ ਵਿੱਚ ਦਾਖਲ ਕਰਵਾਉਣਾ ਸੀ।

ਮੈਂ ਪ੍ਰਿੰਸੀਪਲ ਸਾਹਿਬਾ ਨੂੰ ਮਿਲਿਆ। ਉਹ ਦਾਖਲੇ ਲਈ ਹਿੰਦੀ ਵਿਸ਼ੇ ਦਾ ਟੈਸਟ ਲੈਣ ਲਈ ਬਜ਼ਿੱਦ ਸੀ। ਮੈਂ ਬਹੁਤ ਸਮਝਾਇਆ ਕਿ ਉਹ ਹਿੰਦੀ ਬਹੁਤ ਘੱਟ ਜਾਣਦੀ ਹੈ, ਟੈਸਟ ਪਾਸ ਨਹੀਂ ਕਰ ਸਕੇਗੀ ਕਿਉਂਕਿ ਉਸ ਨੂੰ ਹਿੰਦੀ ਤੀਜੀ ਤੋਂ ਹੀ ਸ਼ੁਰੂ ਕਰਵਾਈ ਗਈ ਸੀ। ਤੁਸੀਂ ਦਾਖਲ ਕਰ ਲਓ, ਉਹ ਮਿਹਨਤ ਕਰਕੇ ਸਿੱਖ ਲਵੇਗੀ। ਬੱਚਿਆਂ ਜਾਂ ਵੱਡਿਆਂ ਦੀ ਮਾਨਸਿਕਤਾ ਤੋਂ ਅਨਜਾਣ ਪ੍ਰਿੰਸੀਪਲ ਨੇ ਟੈਸਟ ਕਰਵਾ ਹੀ ਲਿਆ।

ਬੇਟੀ ਦੇ ਵੀਹ ਵਿਚੋਂ ਤਿੰਨ ਨੰਬਰ ਆਏ, ਆਉਣੇ ਹੀ ਸਨ। ਪ੍ਰਿੰਸੀਪਲ ਸਾਹਿਬਾ ਕਹਿਣ ਲੱਗੇ ਜੇ ਲੜਕੀ ਫੇਲ੍ਹ ਹੋ ਗਈ ਤਾਂ ਤੁਸੀਂ ਖੁਦ ਜ਼ਿੰਮੇਵਾਰ ਹੋਵੋਗੇ। ਬੱਚੀ ਦੀਆਂ ਅੱਖਾਂ ਵਿੱਚ ਅੱਥਰੂ ਛਲਕ ਪਏ। ਉਸ ਦੇ ਹੰਝੂ ਦੇਖ ਕੇ ਮੇਰੇ ਅੰਦਰਲਾ ਅਧਿਆਪਕ ਰਹਿ ਨਾ ਸਕਿਆ ਅਤੇ ਕਿਹਾ, ''ਮੈਡਮ ਤੁਸੀਂ ਬੱਚੇ ਨੂੰ ਪੜ੍ਹਾਉਣ ਤੋਂ ਪਹਿਲਾਂ ਹੀ ਉਸ ਦਾ ਮੁਲਾਂਕਣ ਕਰ ਰਹੇ ਹੋ!

ਤੁਸੀਂ ਜੋ ਕਿਹਾ ਹੈ ਉਸ ਨੇ ਬੱਚੀ ਵਿੱਚ ਹੀਣ ਭਾਵਨਾ ਪੈਦਾ ਕੀਤੀ ਹੈ। ਬੱਚੀ ਅੰਦਰ ਡਰ ਪੈਦਾ ਹੋ ਗਿਆ ਹੈ ਕਿ ਉਹ ਕਮਜ਼ੋਰ ਵਿਦਿਆਰਥੀ ਹੈ ਅਤੇ ਉਸ ਨੂੰ ਦਾਖਲਾ ਨਹੀਂ ਮਿਲੇਗਾ। ਤੁਹਾਨੂੰ ਪਤਾ ਹੋਣਾ ਚਾਹੀਦੈ ਬੱਚਿਆਂ ਸਾਹਮਣੇ ਕੀ ਕਹਿਣਾ ਹੈ ਅਤੇ ਕੀ ਨਹੀਂ ਕਹਿਣਾ।''

ਮੇਰੀ ਅਵਾਜ਼ ਉੱਚੀ ਹੁੰਦੀ ਜਾ ਰਹੀ ਸੀ ਤੇ ਹੱਥ ਬੱਚੀ ਦੇ ਚਿਹਰੇ ਵੱਲ ਵਧ ਰਹੇ ਸਨ। ਮੈਂ ਉਸ ਦੇ ਅੱਥਰੂ ਪੂੰਝ ਰਿਹਾ ਸਾਂ ਕਿ ਪ੍ਰਿੰਸੀਪਲ ਸਾਹਿਬਾ ਦੀ ਕਲਮ ਨੇ ਦਾਖਲੇ ਦਾ ਹੁਕਮ ਕਰ ਦਿੱਤਾ। ਅਜਿਹੀਆਂ ਸ਼ਖ਼ਸੀਅਤਾਂ ਹੱਥੋਂ ਵਿੱਦਿਅਕ ਸੰਸਥਾਵਾਂ ਅਤੇ ਵਿੱਦਿਆ ਦੇ ਮਿਆਰ ਦਾ ਕੀ ਹਸ਼ਰ ਹੋ ਸਕਦਾ ਹੈ, ਅੰਦਾਜ਼ਾ ਲਾ ਸਕਦੇ ਹਾਂ। ਬੇਟੀ ਹਿੰਦੀ ਸਮੇਤ ਚੰਗੇ ਨੰਬਰ ਲੈ ਕੇ ਪਾਸ ਹੋ ਗਈ ਸੀ।

**ਮੇਰੀ ਜ਼ਰਾ ਜਿੰਨੀ ਗਲਤੀ 'ਤੇ ਮੇਰੇ ਚਾਰ-ਪੰਜ ਥੱਪੜ ਜੜ ਦਿੱਤੇ ਜਾਂਦੇ। ਕਲਾਸ ਮੇਰੇ 'ਤੇ ਮੁਸਕੜੀਏਂ ਹਸਦੀ।**

**ਇੱਕ ਦਿਨ ਇਹ ਕਹਿ ਕੇ ਜ਼ਲੀਲ ਵੀ ਕਰ ਦਿੱਤਾ, ''ਪਤਾ ਨੀਂ ਕਿਹੜੀਆਂ ਰੂੜੀਆਂ ਤੋਂ ਉੱਠ ਕੇ ਆ ਜਾਂਦੇ ਨੇ ਪੜ੍ਹਨ ।'' ਉਸ ਦਿਨ ਮੈਂ ਮਾਸਟਰ ਜੀ ਅੱਗੇ ਬੋਲ ਉੱਠਿਆ ਸੀ, ''ਮਾਸਟਰ ਜੀ ਤੁਸੀਂ ਮੈਨੂੰ ਐਵੇਂ ਕੁੱਟਦੇ ਰਹਿੰਦੇ ਹੋ, ਜੇ ਫੇਲ੍ਹ ਹੋ ਗਿਆ ਤਾਂ ਚਮੜੀ ਉਧੇੜ ਦੇਣਾ।'' ਸਣੇ ਮਾਸਟਰ ਜੀ ਸਭ ਹੈਰਾਨ ਸਨ। ਮਾਸਟਰ ਜੀ ਨੇ ਕਦੇ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ ਕਿ ਮੇਰੇ ਹਾਲਾਤ ਕੀ ਸਨ।**

## ਲੈਸਟਰ 'ਚ ਸ਼ਹੀਦ ਸਿੱਖ ਫ਼ੌਜੀ ਦਾ ਬੁੱਤ ਲਗਾਉਣ 'ਚ ਸਹਿਯੋਗ ਦੇਣ ਵਾਲਿਆਂ ਦਾ ਸਨਮਾਨ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਵਿਕਟੋਰੀਆ ਪਾਰਕ 'ਚ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ 'ਚ ਬੁੱਤ ਨੂੰ ਲਗਾਉਣ 'ਚ ਸਹਿਯੋਗ ਦੇਣ ਵਾਲਿਆਂ ਦਾ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਲੈਸਟਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ ਅਤੇ ਸਿੱਖ ਆਗੂ ਗੁਰਵਿੰਦਰ ਸਿੰਘ ਸਮਰਾ ਨੇ ਦੱਸਿਆ ਕਿ 75 ਹਜ਼ਾਰ ਪੌਂਡ ਦੀ ਲਾਗਤ ਨਾਲ ਬਣੇ ਇਸ ਸਿੱਖ ਫੌਜੀ ਦੇ ਬੁੱਤ ਦੀ ਦੇਖ-ਰੇਖ ਅਤੇ ਸਾਭ-ਸੰਭਾਲ ਹੁਣ ਸਿਟੀ ਕੌਂਸਲ ਕਰੇਗੀ ਅਤੇ ਆਉਂਦੇ ਸਮੇਂ 'ਚ ਸ਼ਹੀਦ ਸਿੱਖ ਸਿਪਾਹੀਆਂ ਦੇ ਲੈਸਟਰ 'ਚ ਰਹਿੰਦੇ ਪਰਿਵਾਰਾਂ ਦੇ ਜੀਵਨ 'ਤੇ ਇਕ ਕਿਤਾਬ ਲਿਖੀ ਜਾਵੇਗੀ ਜੋ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਬਣੇਗੀ।

## ਭਾਰਤੀ-ਅਮਰੀਕੀ ਕਾਰੋਬਾਰੀ ਨੇਤਾ ਅਜੇ ਬੰਗਾ ਨਿਰਵਿਰੋਧ ਵਿਸ਼ਵ ਬੈਂਕ ਦੇ ਮੁਖੀ ਬਣੇ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਭਾਰਤੀ-ਅਮਰੀਕੀ ਕਾਰੋਬਾਰੀ ਨੇਤਾ ਅਜੇ ਬੰਗਾ ਦਾ ਨਿਰਵਿਰੋਧ ਵਿਸ਼ਵ ਬੈਂਕ ਦੇ ਅਗਲੇ ਪ੍ਰਧਾਨ ਬਣਨਾ ਤੈਅ ਹੈ, ਵਿਸ਼ਵ ਬੈਂਕ ਨੇ ਕਿਹਾ ਕਿ ਇਸ ਅਹੁਦੇ ਲਈ ਸਿਰਫ ਬੰਗਾ ਦੀ ਨਾਮਜ਼ਦਗੀ ਆਈ ਹੈ। ਬੰਗਾ ਦੀ ਰਸਮੀ ਨਿਯੁਕਤੀ ਤੋਂ ਪਹਿਲਾਂ ਵਿਸ਼ਵ ਬੈਂਕ ਦਾ ਕਾਰਜਕਾਰੀ ਨਿਰਦੇਸ਼ਕ ਮੰਡਲ ਉਨ੍ਹਾਂ ਦੀ ਇੰਟਰਵਿਊ ਲਵੇਗਾ। ਬੈਂਕ ਨੇ ਇੰਟਰਵਿਊ ਦੇ ਸਮੇਂ ਬਾਰੇ ਹਾਲੇ ਨਹੀਂ ਦੱਸਿਆ ਹੈ।

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਜਨਵਰੀ 'ਚ ਕਿਹਾ ਸੀ ਕਿ ਅਮਰੀਕਾ ਵਿਸ਼ਵ ਬੈਂਕ ਦੇ ਪ੍ਰਧਾਨ ਅਹੁਦੇ ਲਈ ਅਜੇ ਬੰਗਾ ਨੂੰ ਨਾਮਜ਼ਦ ਕਰ ਰਿਹਾ ਹੈ, ਕਿਉਂਕਿ ਉਹ ਇਤਿਹਾਸ ਦੇ ਇਸ ਨਾਜ਼ੁਕ



ਪਲ 'ਚ ਕੌਮਾਂਤਰੀ ਸੰਸਥਾ ਦੀ ਅਗਵਾਈ ਕਰਨ ਲਈ ਪੂਰਾ ਤਰ੍ਹਾਂ ਯੋਗ ਹਨ।

ਇਸ ਦੌਰਾਨ 63 ਸਾਲਾ ਬੰਗਾ ਦੇ ਮੁਕਾਬਲੇ 'ਚ ਕੋਈ ਨਾਂਅ ਨਹੀਂ ਆਇਆ। ਵਿਸ਼ਵ ਬੈਂਕ ਨੇ ਇਕ ਬਿਆਨ 'ਚ ਕਿਹਾ ਕਿ ਬੋਰਡ ਨੂੰ ਇਕ ਨਾਮਜ਼ਦਗੀ ਮਿਲੀ ਹੈ ਅਤੇ ਅਸੀਂ ਐਲਾਨ ਕਰਨਾ ਚਾਹੁੰਦੇ ਹਾਂ ਕਿ ਇਸ ਅਹੁਦੇ ਲਈ ਅਮਰੀਕੀ ਨਾਗਰਿਕ ਅਜੇ ਬੰਗਾ ਦੇ ਨਾਂਅ 'ਤੇ ਵਿਚਾਰ ਕੀਤਾ ਜਾਵੇਗਾ।

## ਅਫ਼ਗਾਨ 'ਚ ਰਹਿ ਰਹੇ ਸਿੱਖ ਭਾਰਤ ਤੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵਾਪਸ ਬੁਲਾਉਣ ਲਈ ਹੋਏ ਮਜਬੂਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੌਜੂਦਾ ਸਮੇਂ ਉਥੇ ਸਿਰਫ਼ 10 ਅਫ਼ਗਾਨ ਹਿੰਦੂ ਤੇ ਸਿੱਖ ਹੀ ਰਹਿ ਰਹੇ ਹਨ, ਜੋ ਇਕ ਸਾਲ ਤੋਂ ਵੀ ਵਧੇਰੇ ਸਮੇਂ ਤੋਂ ਭਾਰਤ ਸਰਕਾਰ ਤੋਂ ਵੀਜ਼ਾ ਮਿਲਣ ਦੀ ਉਡੀਕ ਕਰ ਰਹੇ ਹਨ ਞ ਜਦਕਿ ਇਸ ਬਾਰੇ ਕੋਈ ਕਾਰਵਾਈ ਨਾ ਹੋਣ ਕਰਕੇ ਅਤੇ ਆਪਣੇ ਪਰਿਵਾਰਾਂ ਤੋਂ ਦੂਰ ਹੋਣ ਕਰਕੇ ਹੁਣ ਉਨ੍ਹਾਂ ਦਿੱਲੀ ਰਹਿ ਰਹੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰਨ ਅਫ਼ਗਾਨਿਸਤਾਨ ਦੇ ਡਰ ਅਤੇ ਖ਼ੌਫ਼ ਵਾਲੇ ਮਾਹੌਲ 'ਚ ਵਾਪਸ ਬੁਲਾਉਣ ਦਾ ਫ਼ੈਸਲਾ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ 'ਚ ਰਹਿ ਰਹੇ ਉਕਤ ਹਿੰਦੂ ਤੇ ਸਿੱਖਾਂ ਦੇ ਸਾਰੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਮੌਜੂਦਾ ਸਮੇਂ ਦਿੱਲੀ ਵਿਖੇ ਰਹਿ ਰਹੇ ਹਨ।

## ਹਮਜਾ ਯੂਸਫ਼ ਬਣਿਆ ਸਕਾਟਲੈਂਡ ਦਾ ਮੰਤਰੀ ਬਣਨ ਵਾਲਾ ਪਹਿਲਾ ਪੰਜਾਬੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਹਮਜਾ ਯੂਸਫ਼ ਸਕਾਟਲੈਂਡ ਦਾ ਪਹਿਲਾ ਮੰਤਰੀ (ਫ਼ਸਟ ਮਨਿਸਟਰ) ਬਣਨ ਵਾਲਾ ਪਹਿਲਾ ਪੰਜਾਬੀ ਹੈ। ਸਕਾਟਲੈਂਡ ਦਾ ਛੇਵਾਂ ਪਹਿਲਾ ਮੰਤਰੀ ਬਣਨ ਵਾਲੇ ਹਮਜਾ ਯੂਸਫ਼ ਦੇ ਦਾਦਾ 1960 ਵਿਚ ਲਹਿੰਦੇ ਪੰਜਾਬ ਦੇ ਜ਼ਿਲ੍ਹੇ ਖਾਨੇਵਾਲ ਦੇ ਪਿੰਡ ਮੀਆਂ ਚੰਨੂੰ ਤੋਂ ਆ ਕੇ ਗਲਾਸਗੋ ਵਸੇ ਸਨ। ਹਮਜਾ ਯੂਸਫ਼ ਮੁਕਾਬਲੇ 'ਚ ਵਿਰੋਧੀਆਂ ਕੇਟ ਫੋਰਬਸ ਅਤੇ ਐਸ਼ ਰੀਗਨ ਨੂੰ ਹਰਾ ਕੇ ਸਕਾਟਿਸ਼ ਨੈਸ਼ਨਲ ਪਾਰਟੀ ਦਾ ਪ੍ਰਧਾਨ ਬਣਿਆ। 37 ਸਾਲਾ ਹਮਜਾ ਯੂਸਫ ਯੂ.ਕੇ. ਦੀ ਕਿਸੇ ਵੱਡੀ ਪਾਰਟੀ ਦੀ ਅਗਵਾਈ ਕਰਨ ਵਾਲਾ ਪਹਿਲਾ ਮੁਸਲਮਾਨ ਨੇਤਾ ਹੈ।ਚੋਣ ਦਾ ਫੈਸਲਾ ਸਿੰਗਲ ਟ੍ਰਾਂਸਫਰੇਬਲ ਵੋਟ ਪ੍ਰਣਾਲੀ ਦੁਆਰਾ ਕੀਤਾ ਗਿਆ

## ਸੁਰਖੀਆਂ...

**ਇੰਗਲੈਂਡ ਅਤੇ ਵੇਲਜ਼ 'ਚ ਖੁਦ ਦੇ ਘਰਾਂ 'ਚ ਰਹਿਣ ਵਾਲੇ ਧਾਰਮਿਕ ਸਮੂਹਾਂ 'ਚੋਂ ਸਿੱਖ ਭਾਈਚਾਰਾ ਮੋਹਰੀ**

**ਐਡੀਲੇਡ 'ਚ ਪਾਰਲੀਮੈਂਟ ਅੱਗੇ ਭਾਈ ਅੰਮ੍ਰਿਪਾਲ ਸਿੰਘ ਤੇ ਸਾਥੀਆਂ ਦੀ ਰਿਹਾਈ ਲਈ ਮੁਜ਼ਾਹਰਾ**

**ਅੰਮ੍ਰਿਤਸਰ-ਕੈਨੇਡਾ ਸਿੱਧੀ ਉਡਾਣ ਸ਼ੁਰੂ ਕਰਨ ਦੇ ਐਲਾਨ ਦਾ ਸਵਾਗਤ- ਅੰਮ੍ਰਿਤਸਰ ਵਿਕਾਸ ਮੰਚ**

**ਪਾਕਿ ਵਿਚ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਿਲੀ ਮਾਨਤਾ**

**ਕੱਟੜਪੰਥੀਆਂ ਦੇ ਡਰ ਤੋਂ ਪਾਕਿ ਨਹੀਂ ਲਗਾ ਰਿਹਾ ਲਾਹੌਰ ਕਿਲ੍ਹੇ 'ਚ ਸ਼ੇਰ-ਏ-ਪੰਜਾਬ ਦਾ ਬੁੱਤ**

**ਪਾਕਿ 'ਚ ਹਿੰਦੂ ਲੜਕੀਆਂ ਦੇ ਧਰਮ ਪਰਿਵਰਤਨ ਵਿਰੁੱਧ ਸਿੰਧ 'ਚ ਵਿਸ਼ਾਲ ਪ੍ਰਦਰਸ਼ਨ**

**ਕੈਨੇਡਾ ਨਿਕਾਲੇ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਵਲੋਂ ਮੁਜ਼ਾਹਰਾ**

**ਅਮਰੀਕਾ ਨਿਵਾਸੀ ਗਾਖਲ ਪਰਿਵਾਰ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਵਿੱਦਿਅਕ ਪ੍ਰੋਜੈਕਟ ਲਈ ੩੩ ਲੱਖ ਰੁਪਏ ਭੇਟ**

**ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਚੋਣ**

1 April 2023

Registration No. MAHBIL/2013/53199
Postal Registration NO.MCE/248/2023-25
Postal at Dadar H.O. Mumbai-14



# ਗੁਰਮੁਖੀ ਅਤੇ ਗੁਰਮਤਿ ਕਲਾਸਾਂ
# GURMUKHEE & GURMAT CLASSES

## 17 APRIL- 24 MAY 2023

**ਛੋਟੀ ਅਤੇ ਵੱਡੀ ਉਮਰ ਦੇ ਵਿਦਿਆਰਥੀਆਂ ਲਈ**

**For young and old students**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਜਸਪਾਲ ਸਿੰਘ-ਗੁਰੂ ਤੇਗ ਬਹਾਦੁਰ ਨਗਰ-99875 79706
ਸਵਰਨਜੀਤ ਕੌਰ-ਗੁਰੂ ਤੇਗ ਬਹਾਦੁਰ ਨਗਰ-98197 47673
ਕੰਵਲਜੀਤ ਸਿੰਘ-ਸੈਂਟਰਲ ਮੁੰਬਈ-99304 52860
ਪਰਮਜੀਤ ਸਿੰਘ-ਵੈਸਟਰਨ ਮੁੰਬਈ-98700 71347
ਰਣਜੀਤ ਕੌਰ-ਨਵੀਂ ਮੁੰਬਈ-98705 48292
ਹਰਿੰਦਰ ਸਿੰਘ-ਮਹਾਰਾਸ਼ਟਰਾ ਅਤੇ ਗੁਜਰਾਤ-98817 41555

www.gurmat.in
gpct1989@gmail.com, gpct1989@gurmat.in

GPCT Home of Humanity
ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ

103 YEARS OF SEWA
SINGH SABHA
DADAR GURDWARA

ਗੁਰਮਤਿ ਮਿਸ਼ਨਰੀ ਕਾਲਜ, ਮੁੰਬਈ

ਸਾਹਿਬਜ਼ਾਦਾ ਜੁਝਾਰ ਸਿੰਘ
ਗੁਰਮਤਿ ਮਿਸ਼ਨਰੀ ਕਾਲਜ ਰੋਪੜ




## ਸਿੰਘ ਸਭਾ ਮੁੰਬਈ ਵੱਲੋਂ

# ਜੰਤਰੀ ਨਾਨਕਸ਼ਾਹੀ 555

ਪ੍ਰਕਾਸ਼ਤ ਕੀਤੀ ਜਾ ਰਹੀ ਹੈ।
ਪਾਠਕਾ ਨੂੰ ਬੇਨਤੀ ਹੈ ਕਿ
ਉਹ ਇਹ ਜੰਤਰੀ ਸਿੰਘ ਸਭਾ ਦਾਦਰ ਦੇ
ਦਫਤਰ ਤੋਂ ਲੈ ਸਕਦੇ ਹਨ
ਜਾਂ 98214 75575 ਨੰਬਰ 'ਤੇ
ਆਪਣਾ ਪਤਾ ਭੇਜ ਕੇ ਡਾਕ ਰਾਹੀਂ
ਮੰਗਵਾ ਸਕਦੇ ਹਨ।